
FARM AND SPICE
Open 7 Days a Week
8.30 am to 9.00 pm
SPECIAL OFFERS: 3 - 9 FEB
Daily Specials on
ਪੱਤਾ ਗੋਬੀ
Cabbage
99¢ /lb
ਫੁਲ ਗੋਬੀ
Cauliflower
(Till stock last)
$2.49 each
ਮੈਕਿਨਟੋਸ਼ ਸੇਬ
Mcintosh Apple
99¢ /lb
ਧਨੀਆ
Cilantro
79¢ each
ਜੰਬੋ ਬੈਂਗਣ
Eggplant
Jumbo
$1.49 each
ਬਿਕਾਨੋ ਸੂਜੀ ਰੱਸ
Bikano
Suji Rusk
600g
$4.49 each
ਬਦਾਮ
Almonds
Supreme Quality
$4.49 /lb
ਏ-ਪਲਸ ਸੋਯਾ
Aplus
Soya Chunks/ Mini Chunks
200g
$1.99 each
ਅਸ਼ੋਕਾ ਸਾਗ
Ashoka
Sarson Ka Saag
Sarson ka Saag
850g
$2.99 each
ਕਾਸਾਬਲੈਂਕਾ ਕੁੱਕੀਜ਼
Casablanca
Almond/mango/Cashew Cookies
340g
$3.99 each
ਬੀ ਸੀ ਮਿਕਸ ਸਵੀਟਸ
BC Asst. Sweets
boondi ladoo, besan ladoo, mathura peda
400g
$5.99 each
ਢਿਲੋਂ ਬਿਸਕੁਟ
Dhillon
Punjabi Biscuit
1.5lb
$5.99 each
ਯਮਕੀਨਜ਼ ਪਾਣੀ ਪੂਰੀ
Yamkeens
Pani Puri
360g
$4.99 each
ਟਾਟਾ ਚਾਹ
Tata Tea
Premium
220 bags
$8.99 each
ਮੋਗਰਾ ਚਾਵਲ
Mogra
Basmati Rice
10 kgs
$9.99 each
ਮੋਗਰਾ ਚਾਵਲ
Mini Mogra
Basmati Rice
10 kgs
$9.99 each
ਹੀਰ ਆਟਾ
Heer Atta
Multigrain
10lb
$10.99 each
ਨੂਰ ਚਾਵਲ
Noor
Premium Basmati
10lb
$10.99 each
ਸੈਂਚੁਰੀ ਚਾਹ
Century No. 1
Premium Tea
1kg
$11.99 each
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
ਏ+ਪਲਸ ਤੇਲ
A+Plus
Mustard Oil
2ltr
$10.99 each
ਏ+ਪਲਸ ਤੇਲ
A+Plus
Mustard Oil
5ltr
$26.99 each
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

**EDUCATE! ORGANIZE!! AGITATE!!!**

# AMBEDKAR INTERNATIONAL SOCIAL REFORM ORGANIZATION CANADA

(Est.July 2016)

AISRO

PAY BACK TO SOCIETY

ਦੇਹੁਰਾ ਅਰੁ ਮਸੀਤ ਮਹਿ ਰਵਿਦਾਸ ਨ ਸੀਸ ਨਿਵਾਇ
ਯਹੁ ਲਉ ਸੀਸ ਨਿਵਾਵਨਾ ਸੋ ਠਾਕੁਰੁ ਸਭ ਥਾਇ।

# AISRO Canada ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਉਤਸਵ ਦੀ ਸਭ ਸਾਧ ਸੰਗਤ ਨੂੰ ਲੱਖ ਲੱਖ ਵਧਾਈ



**Mr. Rashpal Singh Bhardwaj- President**
**Mr. Gurmail Singh Paul- 1st Vice President**
**Mr. Ram Singh Sidhu- 2nd Vice President**
**Mr.Jogender Singh Banger-General Secretary**
**Mr. Anil Kumar Ahir-Assistant Secretary**
**Mr.Madan Kurrha-Treasure**
**Sukhminder Mehay-Assistant Treasure**
**Mr. Harnek Singh Virdi-Media Co-Ordinator**
**Mr. Sukhwinder Singh Bhardwaj-Media Spokesperson**

**Kamlesh Ahir-Cheif Advisor**

**Members**

Kulwinder Singh
Harbhajan Singh Birdi
Raman Kumar Bhardwaj (USA)
Sita Ram Ahir
Sukhwinder Singh Sukha
Paramjit Singh Lakha
Ravinder Langah
Mr. Balmukand Badhan

Surrinder Kumar Sandhu- Ex Gemeral Sectory
Gurdyal Singh Jangi
Gurpreet Mahey
Sahil Gaught
Rakesh Paul
Paramjeet Saroya
Naveen Sidhu
Sanjeev Aujla
Heer RamKrishan
Kulwinder Rattu

# ਕੈਲੀਫੋਰਨੀਆ ’ਚ ਮੋਦੀ ਭਗਤਾਂ ਨੇ ਕੱਢਿਆ ਰੋਸ ਮਾਰਚ




ਕੈਲੀਫੋਰਨੀਆ:ਗੁਜਰਾਤ ਕਤਲੇਆਮ ਨੂੰ ਲੈ ਕੇ ਬਣਾਈ ਗਈ ਬੀਬੀਸੀ ਦੀ ਡਾਕਿਊਮੈਂਟਰੀ ਦਾ ਮੋਦੀ ਭਗਤਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ।ਵਿਦੇਸ਼ਾਂ ਵਿੱਚ ਰਹਿਣ ਵਾਲੇ ਇਨਾ ਭਗਤਾਂ ਨੇ ਵੀ ਇਸ ਮੁੱਦੇ ’ਤੇ ਬੀਬੀਸੀ ’ਤੇ ਪੱਖਪਾਤਪੂਰਨ ਪੱਤਰਕਾਰਤਾ ਕਰਨ ਦਾ ਦੋਸ਼ ਲਾਇਆ। ਇਸੇ ਲੜੀ ਵਿੱਚ ਅਮਰੀਕਾ ਵਸਦੇ ਪ੍ਰਵਾਸੀ ਮੋਦੀ ਭਗਤਾਂ ਨੇ ਕੈਲੀਫੋਰਨੀਆ ਦੇ ਸੈਨ ਫਰਾਂਸਿਸਕੋ ਖਾੜੀ ਖੇਤਰ ਦੇ ਫਰੇਮੌਂਟ ਵਿੱਚ ਗੁਜਰਾਤ ਦੰਗਿਆਂ ਬਾਰੇ ਬਣਾਈ ਗਈ ਬੀਬੀਸੀ ਡਾਕਿਊਮੈਂਟਰੀ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ।

# ਮੁਗਲ ਗਾਰਡਨ ਹੁਣ ਹੋ ਗਿਆ ਅੰਮ੍ਰਿਤ ਉਡਿਆਨ

ਨਵੀਂ ਦਿੱਲੀ:ਰਾਸ਼ਟਰਪਤੀ ਭਵਨ ‘ਚ ਮੁਗਲ ਗਾਰਡਨ ਦਾ ਨਾਂਅ ਹੁਣ ਬਦਲ ਗਿਆ ਹੈ।ਮੁਗਲ ਗਾਰਡਨ ਨੂੰ ਹੁਣ ਅੰਮ੍ਰਿਤ ਉਡਿਆਨ ਦੇ ਨਾਂਅ ਨਾਲ ਜਾਣਿਆ ਜਾਵੇਗਾ।

ਅੰਮ੍ਰਿਤ ਮਹੋਤਸਵ ਤਹਿਤ ਗਾਰਡਨ ਦਾ ਨਾਂਅ ਬਦਲਿਆ ਗਿਆ ਹੈ।ਰਾਸ਼ਟਰਪਤੀ ਦੀ ਡਿਪਟੀ ਪ੍ਰੈੱਸ ਸਕੱਤਰ ਨਵਿਕਾ ਗੁਪਤਾ ਨੇ ਦੱਸਿਆ ਕਿ ਆਜ਼ਾਦੀ ਦੇ 75 ਸਾਲ ਪੂਰੇ ਹੋਣ ‘ਤੇ ‘ਆਜ਼ਾਦੀ ਕਾ ਅੰਮ੍ਰਿਤ ਮਹੋਤਸਵ’ ਵਜੋਂ ਮਨਾਏ ਜਾਣ ਦੇ ਮੌਕੇ ‘ਤੇ ਭਾਰਤ ਦੇ ਰਾਸ਼ਟਰਪਤੀ ਨੇ ਰਾਸ਼ਟਰਪਤੀ ਭਵਨ ਦੇ ਬਗੀਚਿਆਂ ਨੂੰ ‘ਅੰਮ੍ਰਿਤ ਉਡਿਆਨ’ ਦਾ ਸਾਂਝਾ ਨਾਂਅ ਦਿੱਤਾ ਹੈ।ਰਾਸ਼ਟਰਪਤੀ ਭਵਨ ਦਾ ਇਹ ਗਾਰਡਨ ਆਪਣੀ ਸੁੰਦਰਤਾ ਲਈ ਕਾਫ਼ੀ ਮਸ਼ਹੂਰ ਹੈ।ਹਰ ਸਾਲ ਇਸ ਨੂੰ ਦੇਖਣ ਲਈ ਲੱਖਾਂ ਸੈਲਾਨੀ ਆਉਂਦੇ ਹਨ ।

ਇਸ ਗਾਰਡਨ ‘ਚ 138 ਤਰ੍ਹਾਂ ਦੇ ਗੁਲਾਬ ਦੇ ਫੁੱਲ ਉਗਾਏ ਜਾਂਦੇ ਹਨ।ਇਸ ਗਾਰਡਨ ‘ਚ 10 ਹਜ਼ਾਰ ਤੋਂ ਜ਼ਿਆਦਾ ਟਿਊਲਿਪ ਫੁੱਲ ਵੀ ਹਨ।ਇਸ ਤੋਂ ਇਲਾਵਾ ਇੱਥੇ 5 ਹਜ਼ਾਰ ਮੌਸਮੀ ਫੁੱਲਾਂ ਦੀਆਂ ਕਿਸਮਾਂ ਵੀ ਹਨ।ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਨੇ ਇਸ ਨੂੰ ਆਮ ਲੋਕਾਂ ਲਈ ਖੋਲ੍ਹੇ ਜਾਣ ਦੀ ਸ਼ੁਰੂਆਤ ਕੀਤੀ ਸੀ। ਅੰਮ੍ਰਿਤ ਉਡਿਆਨ 31 ਜਨਵਰੀ ਤੋਂ 26 ਮਾਰਚ ਤੱਕ ਆਮ ਲੋਕਾਂ ਲਈ ਖੁੱਲ੍ਹੇਗਾ।

**(ਮੁੱਖ ਪੰਨੇ ਦੀ ਬਾਕੀ)**

ਲਗਾਤਾਰ ਭਾਰਤੀ ਹਕੂਮਤਾਂ ਨੇ ਸਿੱਖਾਂ ਦੀ ਨਸਲਕੁਸ਼ੀ ਕੀਤੀ ਹੈ।ਉਨ੍ਹਾਂ ਅੱਗੇ ਕਿਹਾ: “ਖਾਲਿਸਤਾਨ ਲਈ ਸਿੱਖ ਲੋਕਾਂ ਦੇ ਸਮਰਥਨ ਨੂੰ ਵੇਖ ਕੇ, ਪੰਜਾਬ ਨੂੰ ਭਾਰਤੀ ਕਬਜ਼ੇ ਤੋਂ ਮੁਕਤ ਕਰਵਾਉਣਾ ਅਟੱਲ ਹੈ ਅਤੇ ਅਸੀਂ ਮੋਦੀ ਨਾਲ ਸਹਿਮਤ ਹਾਂ ਕਿ ਭਾਰਤ ਸਿਰਫ ਹਿੰਦੂ ਦੇਸ਼ ਹੋਣਾ ਚਾਹੀਦਾ ਹੈ ਅਤੇ ਭਾਜਪਾ-ਆਰਐਸਐਸ ਨੂੰ ਵੀ ਹਿੰਦੂਤਵ ਏਜੰਡਾ ਜਾਰੀ ਰੱਖਣਾ ਚਾਹੀਦਾ ਹੈ।”

ਮੈਲਬੌਰਨ ਖਾਲਿਸਤਾਨ ਰੈਫਰੈਂਡਮ ਵੋਟਿੰਗ ਕੇਂਦਰ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਜ਼ਾ ਦੇਣ ਵਾਲੇ ਸਿੱਖ ਆਗੂਆਂ ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ ਸਮਰਪਿਤ ਸੀ।

ਇੱਕ ਘੰਟੇ ਦੇ ਅੰਦਰ, ਕਤਾਰ ਫਾਈਂਡਰ ਟ੍ਰੇਨ ਸਟੇਸ਼ਨ ਤੋਂ ਲੈ ਕੇ ਡਾਊਨ ਟਾਊਨ ਤੱਕ ਲਗਭਗ 2 ਕਿਲੋਮੀਟਰ ਤੱਕ ਫੈਲ ਗਈ। ਸਿੱਖ ਨੌਜਵਾਨਾਂ, ਮਰਦਾਂ, ਔਰਤਾਂ ਅਤੇ ਬਜ਼ੁਰਗਾਂ ਨੇ ਖਾਲਿਸਤਾਨ ਦੇ ਝੰਡੇ ਅਤੇ ਬੈਨਰ ਲੈ ਕੇ ਕਤਾਰਾਂ ਬਣਾਈਆਂ ਅਤੇ ਖਾਲਿਸਤਾਨ ਜ਼ਿੰਦਾਬਾਦ (ਖਾਲਿਸਤਾਨ ਜ਼ਿੰਦਾਬਾਦ), ਬਣ ਕੇ ਰਹੇਗਾ ਖਾਲਿਸਤਾਨ ਅਤੇ ਹਿੰਦੂਤਵ ਨਾ ਮਨਜ਼ੂਰ ਦੇ ਨਾਅਰੇ ਲਗਾਉਂਦੇ ਰਹੇ। ਵੋਟਰ ਕੇਂਦਰ ਦੇ ਪ੍ਰਵੇਸ਼ ਦੁਆਰ ‘ਤੇ ਵੱਡੇ-ਵੱਡੇ ਬੈਨਰ ‘ਖਾਲਿਸਤਾਨ ਰੈਫਰੈਂਡਮ, ਪੰਜਾਬ, ਸ਼ਿਮਲਾ ਕੈਪੀਟਲ’ ਅਤੇ ‘ਖਾਲਿਸਤਾਨ ਰੈਫਰੈਂਡਮ, ਪੰਜਾਬ ਦਾ ਭਾਰਤ ਤੋਂ ਵੱਖ ਹੋਣਾ’ ਲਿਖਿਆ ਹੋਇਆ ਸੀ।

# ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਟਸਫੋਰਡ ਵਿਖੇ ਬੀਬੀ ਹਰਪ੍ਰੀਤ ਕੌਰ ਨੂੰ ਸ਼ਰਧਾਂਜਲੀ

## ਪੀੜਤ ਹਰਪ੍ਰੀਤ ਕੌਰ ਨੂੰ ਇਨਸਾਫ ਦਿਵਾਉਣ ਲਈ ਸਾਰਿਆਂ ਵੱਲੋਂ ਇਕਮੁੱਠ ਹੋਣ ਦਾ ਅਹਿਦ



ਐਬਟਸਫੋਰਡ (ਡਾ. ਗੁਰਵਿੰਦਰ ਸਿੰਘ):ਸਵਰਗਵਾਸੀ ਹਰਪ੍ਰੀਤ ਕੌਰ ਨੂੰ ਸ਼ਰਧਾਂਜਲੀ ਦੇਣ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ 24 ਜਨਵਰੀ ਨੂੰ ਸੰਗਤਾਂ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸਿਖ ਸੁਸਾਇਟੀ ਐਬਟਸਫੋਰਡ ਵਿਖੇ ਪਹੁੰਚੀਆਂ,ਇੱਥੇ ਸਾਰਿਆਂ ਅਹਿਦ ਕੀਤਾ ਕਿ ਪੀੜਤ ਹਰਪ੍ਰੀਤ ਕੌਰ ਨੂੰ ਇਨਸਾਫ਼ ਦਿਵਾਉਣ ਲਈ ਸਾਰੇ ਇਕਮੁੱਠ ਹੋਣਗੇ। ਇਥੇ ਜ਼ਿਕਰਯੋਗ ਹੈ ਕਿ ਹਰਪ੍ਰੀਤ ਕੌਰ ਢਿੱਲੋਂ ਦੇ ਨਮਿੱਤ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਵਿਖੇ ਰੱਖਿਆ ਗਿਆ ਸੀ, ਜਿੱਥੇ ਸਭ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ।ਇਸ ਤੋਂ ਪਹਿਲਾਂ ਦੁੱਖਾਂ ਦੀ ਮਾਰੀ ਪੰਜਾਬਣ ਹਰਪ੍ਰੀਤ ਕੌਰ ਢਿੱਲੋਂ ਦੇ ਅੰਤਿਮ ਸੰਸਕਾਰ ‘ਤੇ ਬਹੁਤ ਦੁਖਦਾਈ ਦ੍ਰਿਸ਼ ਵੇਖਣ ਨੂੰ ਮਿਲਿਆ। ਸਹੁਰੇ ਪਰਿਵਾਰ ਨੇ ਸੰਸਕਾਰ ਦੀ ਬੁਕਿੰਗ ਕਰਵਾਈ ਸੀ। ਉਨ੍ਹਾਂ ਪੁਲੀਸ ਅਤੇ ਸ਼ਮਸ਼ਾਨਘਾਟ ਦੇ ਪ੍ਰਬੰਧਕਾਂ ਨਾਲ ਮਿਲ ਕੇ ਇਹ ਯਕੀਨੀ ਬਣਾਇਆ ਕਿ ਨਾ ਤਾਂ ਹਰਪ੍ਰੀਤ ਕੌਰ ਢਿੱਲੋਂ ਨੂੰ ਕੋਈ ਸ਼ਰਧਾਂਜਲੀ ਦੇ ਸਕੇ, ਨਾ ਹੀ ਕਿਸੇ ਤਰ੍ਹਾਂ ਦੀ ਕੋਈ ਵੀਡੀਓ, ਤਸਵੀਰ ਦਿਖਾਇਆ ਜਾ ਸਕਣ। ਹਾਜ਼ਰ ਸੰਗਤਾਂ ਇਸ ਗੱਲ ‘ਤੇ ਬਜ਼ਿੱਦ ਸਨ ਕਿ ਸਹੁਰੇ ਪਰਿਵਾਰ ਵੱਲੋਂ ਹਰਪ੍ਰੀਤ ਦਾ ਸਸਕਾਰ ਨਾ ਕੀਤਾ ਜਾਵੇ, ਜਦਕਿ ਪ੍ਰਬੰਧਕ ਅਤੇ ਪੁਲਿਸ ਏਸ ਗੱਲ ਦੇ ਵਿਚ ਰੁਕਾਵਟ ਸਨ।ਆਖ਼ਰਕਾਰ ਸੰਗਤਾਂ ਹਰਪ੍ਰੀਤ ਕੌਰ ਢਿੱਲੋਂ ਦੇ ਪੇਕੇ ਪਰਿਵਾਰ ਨਾਲ ਮਿਲ ਕੇ, ਉਸ ਦਾ ਸਸਕਾਰ ਕੀਤਾ ਅਤੇ ਮ੍ਰਿਤਕਾ ਦੇ ਪਤੀ ਨੂੰ ਦੂਰ ਰੱਖਿਆ ਗਿਆ।ਮ੍ਰਿਤਕ ਹਰਪ੍ਰੀਤ ਕੌਰ ਢਿੱਲੋਂ ਦੀ ਭੈਣ ਨੇ ਸ਼ਮਸ਼ਾਨ ਘਾਟ ਦੇ ਬਾਹਰ ਪਾਰਕਿੰਗ ਲਾਟ ਵਿੱਚ ਰੋ-ਰੋ ਕੇ ਬਿਆਨ ਕੀਤਾ ਕਿ ਉਸ ਨੂੰ ਅੰਦਰ ਨਾ ਬੋਲਣ ਦਿੱਤਾ ਗਿਆ। ਉਸ ਨੇ ਕਿਹਾ ਕਿ ਉਸ ਦੀ ਭੈਣ ਨੇ ਖੁਦਕੁਸ਼ੀ ਨਹੀਂ ਕੀਤੀ, ਉਸ ਦਾ ਕਤਲ ਹੋਇਆ ਹੈ। ਐਬਸਫੋਰਡ ਦੀ ਰਹਿਣ ਵਾਲੀ 42 ਸਾਲਾ ਹਰਪ੍ਰੀਤ ਕੌਰ ਢਿੱਲੋਂ ਬੀਤੇ ਦਿਨੀਂ ਫਰੇਜ਼ਰ ਦਰਿਆ ਮਿਸ਼ਨ ਨਜ਼ਦੀਕ ਮਿਰਤਕ ਮਿਲੀ ਸੀ। ਰਿਸ਼ਤੇਦਾਰ ਤੇ ਨਾਲ ਕੰਮ ਕਰਦੀਆਂ ਬੀਬੀਆਂ ਦੱਸਦੀਆਂ ਹਨ ਕਿ ਘਰੇਲੂ ਕਲੇਸ਼ ਨੇ ਬੱਚੇ ਮਾਂ ਤੋਂ ਵਿਰਵੇ ਕਰ ਦਿੱਤੇ। ਜਾਨ ਦੇਣ ਤੋਂ ਪਹਿਲਾਂ ਰਿਸ਼ਤੇਦਾਰਾਂ ਤੇ ਸਹੇਲੀਆਂ ਨਾਲ ਘਰੋਂ ਬੇਹੱਦ ਤੰਗੀ ਦੇਣ ਦਾ ਦੁੱਖ ਸਾਂਝਾ ਕਰਦੀ ਰਹੀ। ਗੁਰਦੁਆਰਾ ਸਾਹਿਬ ਵਿਖੇ ਇਕੱਤਰ ਲੋਕਾਂ ਨੇ ਫ਼ੈਸਲਾ ਕੀਤਾ ਕਿ ਜਲਦੀ ਇਕ ਪਟੀਸ਼ਨ ਸ਼ੁਰੂ ਕੀਤੀ ਜਾਏਗੀ, ਜਿਸ ਵਿਚ ਹਰਪ੍ਰੀਤ ਕੌਰ ਨੂੰ ਇਨਸਾਫ਼ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
"For Fast, Friendly and Reliable Service!"

Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com


Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜ਼ਨਸ ਕਾਰਡ, ਲਫ਼ਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ‘ਵਾਈਸ’ ਨਿਊਜ਼ ਪੱਤਰਕਾਰ ਅੰਗਦ ਸਿੰਘ ਨੂੰ ਕੀਤਾ ਬਲੈਕਲਿਸਟ

ਨਵੀਂ ਦਿੱਲੀ: ਕੇਂਦਰ ਸਰਕਾਰ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਹੈ ਕਿ ਵਾਈਸ ਨਿਊਜ਼ ਪੱਤਰਕਾਰ ਅੰਗਦ ਸਿੰਘ ਨੂੰ “ਬਲੈਕਲਿਸਟ” ਕੀਤਾ ਗਿਆ ਹੈ ਭਾਵੇਂ ਕਿ ਉਹ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡ ਧਾਰਕ ਹੈ।

ਸਰਕਾਰੀ ਹਲਫਨਾਮੇ ਵਿੱਚ ਕਿਹਾ ਗਿਆ ਹੈ ਕਿ ਪੱਤਰਕਾਰ ਅੰਗਦ ਸਿੰਘ ਨੇ ਆਪਣੀ ਦਸਤਾਵੇਜ਼ੀ ਫਿਲਮ ਵਿੱਚ ਭਾਰਤ ਨੂੰ “ਨਕਾਰਾਤਮਕ ਤਰੀਕੇ ਨਾਲ” ਦਰਸਾਇਆ ਹੈ। “ਸਿੰਘ ਇੱਕ ਬਲੈਕਲਿਸਟ ਵਿਸ਼ਾ ਹੈ ਜਿਸਨੂੰ ਭਾਰਤ ਦੇ ਕੌਂਸਲੇਟ-ਜਨਰਲ ਦੇ ਕਹਿਣ ‘ਤੇ ਇਹ ਟਿੱਪਣੀ ਕਰਦਿਆਂ ਬਲੈਕਲਿਸਟ ਕੀਤਾ ਗਿਆ ਸੀ ਕਿ ਜੇਕਰ ਉਹ ਕਦੇ ਭਾਰਤ ਆਉਂਦਾ ਹੈ ਤਾਂ ਉਸਨੂੰ ਭਾਰਤ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਕੌਂਸਲੇਟ-ਜਨਰਲ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇੰਡੀਅਨ ਐਕਸਪ੍ਰੈਸ ਦੇ ਅਨੁਸਾਰ ਵੀ ਹਲਫਨਾਮੇ ਵਿੱਚ ਇਹ ਕਿਹਾ ਗਿਆ ਹੈ।ਹਲਫ਼ਨਾਮੇ ਮੁਤਾਬਕ ਸਿੰਘ ਨੂੰ ਨਿਊਯਾਰਕ ਵਿੱਚ ਭਾਰਤੀ ਕੌਂਸਲੇਟ ਜਨਰਲ ਦੀ ਸਿਫ਼ਾਰਸ਼ ‘ਤੇ ਬਲੈਕਲਿਸਟ ਕੀਤਾ ਗਿਆ ਸੀ।ਦਿੱਲੀ ਹਾਈ ਕੋਰਟ ਦੀ ਜਸਟਿਸ ਪ੍ਰਤਿਬਾ ਐੱਮ ਸਿੰਘ ਕੇਂਦਰ ਸਰਕਾਰ ਵੱਲੋਂ ਭਾਰਤ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਖ਼ਿਲਾਫ਼ ਸਿੰਘ ਦੀ ਪਟੀਸ਼ਨ ’ਤੇ ਸੁਣਵਾਈ ਕਰ ਰਹੀ ਸੀ। ਸਿੰਘ ਨੂੰ ਅਗਸਤ 2022 ਵਿੱਚ ਦਿੱਲੀ ਤੋਂ ਨਿਊਯਾਰਕ ਭੇਜ ਦਿੱਤਾ ਗਿਆ ਸੀ।

ਪੱਤਰਕਾਰ ਅੰਗਦ ਸਿੰਘ ਨੇ ਉਸ ਨੂੰ ਭਾਰਤ ਵਿਚ ਦਾਖਲ ਹੋਣ ਤੋਂ ਇਨਕਾਰ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਵਿਰੁੱਧ ਅਦਾਲਤ ਦਾ ਰੁਖ ਕੀਤਾ। ਉਸਨੇ ਕਿਹਾ ਕਿ ਸਰਕਾਰ ਦਾ ਇਹ ਕਦਮ “ਗੈਰ-ਕਾਨੂੰਨੀ” ਸੀ ਅਤੇ ਭਾਰਤੀ ਸੰਵਿਧਾਨ ਦੇ ਅਨੁਛੇਦ 14, 21 ਅਤੇ 25 ਦੀ ਉਲੰਘਣਾ ਹੈ, ਅਤੇ ਉਹ ਇੱਕ ਓ ਸੀ ਆਈ ਕਾਰਡ ਧਾਰਕ ਸੀ।ਉਸਨੇ ਅੱਗੇ ਕਿਹਾ ਕਿ ਉਸਦਾ ਓ ਸੀ ਆਈ ਕਾਰਡ ਉਸਨੂੰ ਮਾਰਚ 2007 ਵਿੱਚ ਜਾਰੀ ਕੀਤਾ ਗਿਆ ਸੀ ਅਤੇ ਅਗਸਤ 2018 ਵਿੱਚ ਨਵਿਆਇਆ ਗਿਆ ਸੀ।ਸਿੰਘ ਦੇ ਵਕੀਲ, ਸਵਾਤੀ ਸੁਕੁਮਾਰ ਦੇ ਅਨੁਸਾਰ, ਓਸੀਆਈ ਕਾਰਡ ਧਾਰਕ ਨਾਗਰਿਕਤਾ ਕਾਨੂੰਨ ਦੀ ਧਾਰਾ 7 ਬੀ (2) ਦੇ ਤਹਿਤ ਦੱਸੇ ਗਏ ਕੁਝ ਅਧਿਕਾਰਾਂ ਨੂੰ ਛੱਡ ਕੇ, ਭਾਰਤੀ ਸੰਵਿਧਾਨ ਦੇ ਅਧੀਨ ਦਿੱਤੇ ਗਏ ਸਾਰੇ ਅਧਿਕਾਰਾਂ ਦਾ ਆਨੰਦ ਲੈਂਦੇ ਹਨ। ਉਸਨੇ ਇਹ ਵੀ ਦਲੀਲ ਦਿੱਤੀ ਕਿ ਐਕਟ ਦੀ ਧਾਰਾ 7 ਡੀ ਦੇ ਤਹਿਤ, ਓਸੀਆਈ ਕਾਰਡਾਂ ਨੂੰ ਕਿਸੇ ਵੀ ਆਧਾਰ ‘ਤੇ ਰੱਦ ਨਹੀਂ ਕੀਤਾ ਜਾ ਸਕਦਾ। ਸੁਕੁਮਾਰ ਨੇ ਵਿਸ਼ੇਸ਼ ਤੌਰ ‘ਤੇ ਉਸ ਧਾਰਾ ਦੇ ਪ੍ਰਾਵਧਾਨ ‘ਤੇ ਭਰੋਸਾ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਇੱਕ ਓਸੀਆਈ ਕਾਰਡ ਧਾਰਕ ਨੂੰ ਉਨ੍ਹਾਂ ਦੇ ਕਾਰਡ ਨੂੰ ਰੱਦ ਕਰਨ ਲਈ ਆਦੇਸ਼ ਪਾਸ ਕਰਨ ਤੋਂ ਪਹਿਲਾਂ ਸੁਣਨ ਦਾ ਇੱਕ ਉਚਿਤ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਸਨੇ ਅੱਗੇ ਕਿਹਾ ਕਿ ਸਿੰਘ ਨੂੰ ਕੋਈ ਕਾਰਨ ਨਹੀਂ ਦੱਸਿਆ ਗਿਆ ਕਿ ਉਸਨੂੰ ਅਗਸਤ 2022 ਵਿੱਚ ਇੱਕ ਫੂਡ ਸ਼ੋਅ ਦੇ ਉਤਪਾਦਨ ਲਈ ਵਿਸ਼ੇਸ਼ ਪਰਮਿਟ ਕਿਉਂ ਦੇਣ ਤੋਂ ਇਨਕਾਰ ਕੀਤਾ ਗਿਆ ਸੀ।ਉਸਨੇ ਇਹ ਵੀ ਦਲੀਲ ਦਿੱਤੀ ਕਿ ਉਸਦੇ ਕਲਾਇੰਟ ਦਾ ਓ.ਸੀ ਆਈ ਕਾਰਡ “ਅਜੇ ਵੀ ਪ੍ਰਵਾਣਿਤ” ਸੀ ।ਸਰਕਾਰ ਦੇ ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਸਿੰਘ ਨੇ “2020 ਵਿੱਚ ਪੱਤਰਕਾਰੀ ਵੀਜ਼ਾ ਪ੍ਰਾਪਤ ਕਰਨ ਲਈ ਵੀਜ਼ਾ ਅਰਜ਼ੀ ਵਿੱਚ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਸੀ ਅਤੇ ‘ਇੰਡੀਆ ਬਰਨਿੰਗ’ ਨਾਮਕ ਇੱਕ ਦਸਤਾਵੇਜ਼ੀ ਫਿਲਮ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿੱਚ ਭਾਰਤ ਨੂੰ ਨਕਾਰਾਤਮਕ ਢੰਗ ਨਾਲ ਦਰਸਾਇਆ ਗਿਆ ਸੀ”।ਸਰਕਾਰ ਦੇ ਵਕੀਲ ਅਨੁਰਾਗ ਆਹਲੂਵਾਲੀਆ ਨੇ ਕਿਹਾ ਕਿ ਸਿੰਘ ਨੂੰ ਬਲੈਕਲਿਸਟ ਕੀਤਾ ਗਿਆ ਸੀ ਕਿਉਂਕਿ ਉਸਨੇ ਕਥਿਤ ਤੌਰ ‘ਤੇ ਵਿਦੇਸ਼ੀ ਆਰਡਰ, 1948 ਦੀ ਧਾਰਾ 11ਏ ਦੀ ਉਲੰਘਣਾ ਕੀਤੀ ਸੀ, ਜਿਸ ਵਿੱਚ ਕਿਹਾ ਗਿਆ ਹੈ ਕਿ “ਕੋਈ ਵੀ ਵਿਦੇਸ਼ੀ ਕੇਂਦਰ ਸਰਕਾਰ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਜਨਤਕ ਪ੍ਰਦਰਸ਼ਨੀ ਲਈ ਫਿਲਮ ਨਹੀਂ ਬਣਾ ਸਕਦਾ”। ਇਸ ਲਈ, ਓਸੀਆਈ ਕਾਰਡ ਧਾਰਕ ਹੋਣ ਦੇ ਬਾਵਜੂਦ ਉਸਨੂੰ ਬਲੈਕਲਿਸਟ ਕੀਤਾ ਗਿਆ ਸੀ, ਆਹਲੂਵਾਲੀਆ ਨੇ ਅੱਗੇ ਕਿਹਾ।ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 28 ਫਰਵਰੀ ਨੂੰ ਸੂਚੀਬੱਧ ਕੀਤੀ ਹੈ।ਸਰਕਾਰੀ ਵਕੀਲ ਆਹਲੂਵਾਲੀਆਂ ਨੇ ਸਿੰਘ ਦੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡ ਨੂੰ ਰੱਦ ਕਰਨ ਲਈ ਸਿੰਘ ਵਿਰੁੱਧ “ਕੀ ਕੋਈ ਕਾਰਨ ਦੱਸੋ ਨੋਟਿਸ ਜਾਂ ਕਾਰਵਾਈ ਸ਼ੁਰੂ ਕੀਤੀ ਗਈ ਸੀ” ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਮੰਗਿਆ।ਅੰਗਦ ਸਿੰਘ ਵਾਈਸ ਨਿਊਜ਼ ਦੇ ਸਾਊਥ ਏਸ਼ੀਆ ਦੇ ਡਾਕੂਮੈਂਟਰੀ ਪ੍ਰੋਡਿਊਸਰ ਹਨ। ਉਹ ‘ਪੀਪਲਜ਼ ਮੂਵਮੈਂਟ’ ਯਾਨੀ ਲੋਕਾਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਉੱਪਰ ਕੰਮ ਕਰਦੇ ਹਨ।ਉਨ੍ਹਾਂ ਨੇ ਸ਼੍ਰੀਲੰਕਾ, ਹਾਂਗਕਾਂਗ, ਮਿਆਂਮਾਰ, ਭਾਰਤ ਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਵਿੱਚ ਹੋਏ ਅੰਦੋਲਨ ਬਾਰੇ ਦਸਤਾਵੇਜ਼ੀ ਫ਼ਿਲਮਾਂ ਬਣਾਈਆਂ ਹਨ।ਅੰਗਦ ਸਿੰਘ ਦੀਆਂ ਵੱਖ-ਵੱਖ ਮੁੱਦਿਆਂ ਉਪਰ ਬਣੀਆਂ ਡਾਕੂਮੈਂਟਰੀ ਫਿਲਮਾਂ ਨੂੰ ਕਈ ਐਵਾਰਡ ਵੀ ਮਿਲ ਚੁੱਕੇ ਹਨ।ਇਨ੍ਹਾਂ ਵਿੱਚ ਐਮੀ ਐਵਾਰਡ ਲਈ ਨਾਮੀਨੇਸ਼ਨ ਹੋਣਾ ਵੀ ਹੈ।ਉਹ ਅਮਰੀਕਾ ਦੇ ਜੰਮਪਲ ਹਨ ਅਤੇ ਕੋਲੰਬੀਆ ਯੂਨੀਵਰਸਿਟੀ ਵਿਖੇ ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਰਹੇ ਹਨ।



2001 ਵਿੱਚ ਅਮਰੀਕਾ ‘ਤੇ ਅੱਤਵਾਦੀ ਹਮਲੇ ਤੋਂ ਕੁਝ ਸਾਲ ਬਾਅਦ ਉਨ੍ਹਾਂ ਨੇ ਆਪਣੀ ਪਹਿਲੀ ਦਸਤਾਵੇਜ਼ੀ ਫ਼ਿਲਮ ‘ਵਨ ਲਾਈਟ’ ਬਣਾਈ ਸੀ।ਇਸ ਦਸਤਾਵੇਜ਼ੀ ਫ਼ਿਲਮ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਕਈ ਐਵਾਰਡ ਵੀ ਮਿਲੇ ਹਨ।ਉਨ੍ਹਾਂ ਦੇ ਬਲਾਗ ਮੁਤਾਬਕ ਹਮਲਿਆਂ ਤੋਂ ਬਾਅਦ ਸਿੱਖਾਂ ਦੇ ਦਰਪੇਸ਼ ਆਈਆਂ ਮੁਸ਼ਕਿਲਾਂ ਲਈ ਵੀ ਇਸ ਫ਼ਿਲਮ ਨੇ ਕੰਮ ਕੀਤਾ।ਦਰਅਸਲ ਅਮਰੀਕਾ ਵਿੱਚ ਆਮ ਲੋਕਾਂ ਨੂੰ ਸਿੱਖਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਜਿਸ ਕਾਰਨ ਸਿੱਖ ਵੀ ਕਈ ਵਾਰ ਹਮਲੇ ਦਾ ਸ਼ਿਕਾਰ ਹੋਏ ਹਨ। ਇਸ ਦਸਤਾਵੇਜ਼ੀ ਫਿਲਮ ਨੂੰ ਅਮਰੀਕਾ ਦੇ ਵੱਖ ਵੱਖ ਹਿੱਸਿਆਂ ਵਿੱਚ ਕਈ ਵਾਰ ਦਿਖਾਇਆ ਗਿਆ ਹੈ ਤਾਂ ਜੋ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲੇ।ਉਨ੍ਹਾਂ ਦੇ ਮਾਤਾ ਗੁਰਮੀਤ ਕੌਰ ਇੱਕ ਲੇਖਿਕਾ ਹਨ ਜਿਨ੍ਹਾਂ ਨੇ ਬਾਲ ਸਾਹਿਤ ਦੇ ਖੇਤਰ ਵਿੱਚ ਕੰਮ ਕੀਤਾ ਹੈ। ਉਨ੍ਹਾਂ ਨੇ ਪੰਜਾਬ ਅਤੇ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੰਮ ਕੀਤਾ ਹੈ।

# ਇਕ ਹੋਰ ਸੀਨੀਅਰ ਭਾਰਤੀ ਪੱਤਰਕਾਰ ਨੇ NDTV ਛੱਡ ਦਿੱਤਾ



ਨਵੀਂ ਦਿੱਲੀ- ਇਕ ਹੋਰ ਸੀਨੀਅਰ ਭਾਰਤੀ ਪੱਤਰਕਾਰ ਅਤੇ ਸਮੂਹ ਸੰਪਾਦਕ ਸ਼੍ਰੀਨਿਵਾਸਨ ਜੈਨ ਨੇ ਵੀ ਚੋਟੀ ਦੇ ਭਾਰਤੀ ਨਿਊਜ਼ ਨੈੱਟਵਰਕ ਦੇ ਨਾਲ ਤਿੰਨ ਦਹਾਕਿਆਂ ਦੇ ਕਰੀਅਰ ਨੂੰ ਖਤਮ ਕਰਦੇ ਹੋਏ ਐਨਡੀਟੀਵੀ ਚੈਨਲ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ।ਇਹ ਕਾਰਵਾਈ ਅਡਾਨੀ ਦੁਆਰਾ ਨਵੰਬਰ 2022 ਵਿੱਚ ਕਾਰੋਬਾਰ ਦੀ ਹਾਲ ਹੀ ਵਿੱਚ ਪ੍ਰਾਪਤੀ ਦੇ ਜਵਾਬ ਵਿੱਚ ਕੀਤੀ ਗਈ ਸੀ।ਅਮਰੀਕਾ ਸਥਿਤ ਹਿੰਡਨਬਰਗ ਰਿਸਰਚ ਦੁਆਰਾ ਅਡਾਨੀ ਸਮੂਹ ਦੇ ਖਿਲਾਫ ਧੋਖਾਧੜੀ ਦੇ ਦੋਸ਼ਾਂ ਦੇ ਜਵਾਬ ਵਿੱਚ, ਜੈਨ ਨੇ ਆਪਣੇ ਅਧਿਕਾਰਤ ਟਵਿੱਟਰ ਅਕਾਉਂਟ ਦੁਆਰਾ ਆਪਣੇ ਅਸਤੀਫੇ ਦੀ ਜਾਣਕਾਰੀ ਦਿੱਤੀ।“ਸਾਰਿਆਂ ਨੂੰ ਸਤਿ ਸ਼੍ਰੀ ਅਕਾਲ ਐਨਡੀਟੀਵੀ’ਤੇ ਇੱਕ ਸ਼ਾਨਦਾਰ, ਲਗਭਗ ਤਿੰਨ ਦਹਾਕਿਆਂ ਦੀ ਲੰਬੀ ਦੌੜ ਸਮਾਪਤ ਹੋ ਗਈ ਹੈ।ਅਸਤੀਫਾ ਦੇਣ ਦਾ ਫੈਸਲਾ ਆਸਾਨ ਨਹੀਂ ਸੀ, ਪਰ .. ਇਹ ਹੈ ਜੋ ਹੈ. ਹੋਰ ਬਾਅਦ ਵਿੱਚ।ਜੈਨ ਨੇ ਇੱਕ ਟਵੀਟ ਵਿੱਚ ਕਿਹਾ।ਜੈਨ ਦਾ ਅਸਤੀਫਾ ਐਨਡੀਟੀਵੀ ਇੰਡੀਆ ਦੇ ਸਾਬਕਾ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਦੇ ਨਵੰਬਰ ਵਿੱਚ ਆਪਣਾ ਅਹੁਦਾ ਛੱਡਣ ਤੋਂ ਕੁਝ ਮਹੀਨਿਆਂ ਬਾਅਦ ਆਇਆ ਹੈ।ਐਨਡੀਟੀਵੀ ਦੇ ਸੰਸਥਾਪਕ, ਪ੍ਰਣਯ ਰਾਏ ਅਤੇ ਰਾਧਿਕਾ ਰਾਏ ਨੇ ਵੀ ਦਸੰਬਰ ਵਿੱਚ ਨਿਰਦੇਸ਼ਕ ਮੰਡਲ ਤੋਂ ਅਸਤੀਫਾ ਦੇ ਦਿੱਤਾ ਸੀ।1995 ਵਿੱਚ ਜੈਨ ਨੇ ਐਨਡੀਟੀਵੀ ਲਈ ਕੰਮ ਕਰਨਾ ਸ਼ੁਰੂ ਕੀਤਾ। ਉਸਨੇ ਸਾਲਾਂ ਦੌਰਾਨ ਕਈ ਉੱਘੇ ਲੋਕਾਂ ਦੀ ਇੰਟਰਵਿਊ ਕੀਤੀ, ਜਿਨ੍ਹਾਂ ਵਿੱਚ ਸਿਆਸਤਦਾਨ ਅਤੇ ਪ੍ਰਮੁੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਮਾਚਾਰ ਪੱਤਰ ਸ਼ਾਮਲ ਹਨ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE Professional Dedicated Committed
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਮੁਸਲਮਾਨ ਦੇਸ਼ਾਂ ਦੀ ਸੰਸਦੀ ਕਮੇਟੀ ਨੇ ਕਸ਼ਮੀਰ ਮਸਲਾ ਚੁੱਕਿਆ

ਇਸਲਾਮਾਬਾਦ:- ਇਸਲਾਮਿਕ ਦੇਸ਼ਾਂ ਦੀ ਸੰਸਦੀ ਸੰਘ (ਪੀਯੂਆਈਸੀ) ਦੀ ਸਿਆਸੀ ਅਤੇ ਵਿਦੇਸ਼ੀ ਮਾਮਲਿਆਂ ਦੀ ਸਥਾਈ ਵਿਸ਼ੇਸ਼ ਕਮੇਟੀ ਨੇ ਕਸ਼ਮੀਰ ਬਾਰੇ ਮਤੇ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ ਹੈ।

ਮਤੇ ਵਿੱਚ, ਅੰਤਰਰਾਸ਼ਟਰੀ ਭਾਈਚਾਰੇ ਨੂੰ ਜੰਮੂ ਅਤੇ ਕਸ਼ਮੀਰ ਵਿੱਚ ਭਾਰਤੀ ਅੱਤਿਆਚਾਰਾਂ, ਇਸਦੇ ਸੰਘੀਕਰਨ, ਰਾਜਨੀਤਿਕ ਨਕਸ਼ੇ ਨੂੰ ਬਦਲਣ ਅਤੇ ਨਵੀਂ ਦਿੱਲੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਤੋਂ ਰੋਕਣ, ਅਗਸਤ 2019 ਦੀਆਂ ਕਾਰਵਾਈਆਂ ਨੂੰ ਉਲਟਾਉਣ ਦੀ ਮੰਗ ਕਰਨ ਦੀ ਅਪੀਲ ਕੀਤੀ ਗਈ ਸੀ। ਉਹ ਅਲਜੀਰੀਆ ਵਿੱਚ ਇਸਲਾਮਿਕ ਦੇਸ਼ਾਂ ਦੇ ਸੰਸਦੀ ਸੰਘ ਦੇ 17ਵੇਂ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅਲਜੀਰੀਆ ਵਿੱਚ ਸੰਸਦੀ ਵਫ਼ਦ ਦੀ ਅਗਵਾਈ ਕਰ ਰਿਹਾ ਹੈ।

ਅਲਜੀਰੀਆ ਨੇ ਸੰਯੁਕਤ ਰਾਸ਼ਟਰ ਦੇ ਮਤਿਆਂ ਅਨੁਸਾਰ ਮਸਲੇ ਦੇ ਹੱਲ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਕਸ਼ਮੀਰ ਦੇ ਲੰਬੇ ਸਮੇਂ ਤੋਂ ਚੱਲ ਰਹੇ ਮੁੱਦੇ ਦਾ ਸ਼ਾਂਤੀਪੂਰਨ ਅਤੇ ਨਿਆਂਪੂਰਨ ਹੱਲ ਲੱਭਣ ਲਈ ਕੰਮ ਕਰਨ ਅਤੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਇਹ ਮਤਾ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਅਤੇ ਕਸ਼ਮੀਰ ਵਿਵਾਦ ਦੇ ਸ਼ਾਂਤੀਪੂਰਨ ਹੱਲ ਦੀ ਜ਼ਰੂਰਤ ਵੱਲ ਖਿੱਚਣ ਲਈ ਇੱਕ ਮਹੱਤਵਪੂਰਨ ਕਦਮ ਨੂੰ ਦਰਸਾਉਂਦਾ ਹੈ।

# ਉੜੀਸਾ ਦੇ ਸਿਹਤ ਮੰਤਰੀ ਨੂੰ ਗੋਲੀਆਂ ਮਾਰੀਆਂ



ਭੁਬਨੇਸ਼ਵਰ:ਓਡੀਸ਼ਾ ਦੇ ਸਿਹਤ ਮੰਤਰੀ ਨਬ ਕਿਸ਼ੋਰ ਦਾਸ ਨੂੰ ਏ ਐੱਸ ਆਈ ਨੇ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਮੰਤਰੀ ਐਤਵਾਰ ਝਾੜਸੁਗੜਾ ਦੇ ਬ੍ਰਜ ਰਾਜ ਨਗਰ ਵਿਚ ਇਕ ਪ੍ਰੋਗਰਾਮ 'ਚ ਸ਼ਾਮਲ ਹੋਣ ਪੁੱਜੇ ਸਨ। ਉਹ ਜਿਉਂ ਹੀ ਕਾਰ ਦੀ ਅਗਲੀ ਸੀਟ ਤੋਂ ਹੇਠਾਂ ਉਤਰੇ, ਏ ਐੱਸ ਆਈ ਨੇ ਉਨ੍ਹਾ ਦੇ ਸੀਨੇ ਵਿਚ ਦੋ ਗੋਲੀਆਂ ਮਾਰ ਦਿੱਤੀਆਂ। ਖ਼ੂਨ ਨਾਲ ਲੱਥਪੱਥ ਮੰਤਰੀ ਕਾਰ ਦੇ ਕੋਲ ਹੀ ਡਿੱਗ ਪਏ। ਹਮਲੇ ਦਾ ਕਾਰਨ ਫੌਰੀ ਤੌਰ 'ਤੇ ਪਤਾ ਨਹੀਂ ਲੱਗਾ। ਦਾਸ ਨੂੰ ਏਅਰ ਲਿਫਟ ਕਰਕੇ ਭੁਬਨੇਸ਼ਵਰ ਦੇ ਅਪੋਲੋ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾ ਦੀ ਹਾਲਤ ਗੰਭੀਰ ਬਣੀ ਹੋਈ ਸੀ ਇਲਾਕੇ ਦੇ ਪ੍ਰਭਾਵਸ਼ਾਲੀ ਆਗੂ ਨਬ ਕਿਸ਼ੋਰ ਦਾਸ ਪਹਿਲੀ ਵਾਰ 2004 ਵਿਚ ਝਾਰਸੁਗੜਾ ਹਲਕੇ ਤੋਂ ਕਾਂਗਰਸ ਟਿਕਟ 'ਤੇ ਲੜੇ ਸਨ, ਪਰ ਹਾਰ ਗਏ ਸਨ। ਇਸ ਦੇ ਬਾਅਦ ਕਾਂਗਰਸ ਟਿਕਟ 'ਤੇ 2009 ਵਿਚ ਚੁਣੇ ਗਏ । 2014 ਵਿਚ ਉਹ ਬੀਜੂ ਜਨਤਾ ਦਲ ਦੀ ਟਿਕਟ 'ਤੇ ਚੁਣੇ ਗਏ। ਨਬ ਕਿਸ਼ੋਰ ਓਡੀਸ਼ਾ ਦੇ ਸਭ ਤੋਂ ਅਮੀਰ ਮੰਤਰੀ ਦੱਸੇ ਜਾਂਦੇ ਹਨ। ਉਨ੍ਹਾ ਦੇ ਸੰਬਲਪੁਰ, ਭੁਬਨੇਸ਼ਵਰ ਤੇ ਝਾਰਸੁਗੜਾ ਦੀਆਂ ਕਈ ਬੈਂਕਾਂ ਵਿਚ 45 ਲੱਖ 12 ਹਜ਼ਾਰ ਰੁਪਏ ਜਮ੍ਹਾਂ ਹਨ। ਉਨ੍ਹਾਂ ਕੋਲ 15 ਕਰੋੜ ਰੁਪਏ ਦੀਆਂ ਕਰੀਬ 70 ਗੱਡੀਆਂ ਹਨ, ਜਿਨ੍ਹਾਂ ਵਿਚ ਇਕ ਕਰੋੜ 14 ਲੱਖ ਦੀ ਮਰਸਡੀਜ਼ ਬੈਂਜ ਵੀ ਹੈ। ਮੁੱਖ ਮੰਤਰੀ ਦੇ ਕਰੀਬੀ ਨਬ ਕਿਸ਼ੋਰ ਨੇ ਮਹਾਰਾਸ਼ਟਰ ਦੇ ਪ੍ਰਸਿੱਧ ਸ਼ਨੀ ਸ਼ਿੰਗਣਾਪੁਰ ਮੰਦਰ ਨੂੰ ਇੱਕ ਕਿੱਲੋ 700 ਗਰਾਮ ਦੇ ਸੋਨੇ ਤੇ ਪੰਜ ਕਿੱਲੋ ਚਾਂਦੀ ਦੇ ਕਲਸ਼ ਦਾਨ ਕੀਤੇ ਸਨ। ਉਹ 2015 ਵਿਚ ਅਸੰਬਲੀ 'ਚ ਪੋਰਨ ਫਿਲਮ ਦੇਖਦੇ ਫੜੇ ਗਏ ਸਨ। ਉਦੋਂ ਸਪੀਕਰ ਨੇ ਉਨ੍ਹਾ ਨੂੰ ਹਫਤੇ ਲਈ ਮੁਅੱਤਲ ਕਰ ਦਿੱਤਾ ਸੀ। ਨਬ ਕਿਸ਼ੋਰ ਨੇ ਕਿਹਾ ਸੀ ਕਿ ਉਨ੍ਹਾ ਕਦੇ ਐਡਲਟ ਵੀਡੀਓ ਨਹੀਂ ਦੇਖੀ। ਇਹ ਇੰਟਰਨੈਟ ਦੀ ਵਰਤੋਂ ਦੌਰਾਨ ਗਲਤੀ ਹੋ ਗਈ ਸੀ, ਜਦੋਂ ਉਨ੍ਹਾ ਨੂੰ ਪਤਾ ਲੱਗਾ, ਉਨ੍ਹਾ ਬੰਦ ਕਰ ਦਿੱਤੀ ਸੀ।

# ਕੈਲਗਰੀ ਵਸਦੀ ਪੰਜਾਬਣ ਵਿਗਿਆਨੀ ਡਾ. ਰਮਨ ਗਿੱਲ ਨੂੰ ਭਾਰਤ ਕੀਰਤੀਮਾਨ ਪੁਰਸਕਾਰ ਮਿਲਿਆ




ਲੁਧਿਆਣਾ (ਹਾਕਮ ਸਿੰਘ ਧਾਲੀਵਾਲ )-ਕੈਲਗਰੀ (ਕੈਨੇਡਾ) ਵੱਸਦੀ ਲੁਧਿਆਣਾ ਦੀ ਜੰਮੀ ਜਾਈ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਪੜ੍ਹੀ ਪੰਜਾਬਣ ਵਿਗਿਆਨੀ ਡਾ ਰਮਨ ਗਿੱਲ ਨੂੰ ਪਿਛਲੇ ਦਿਨੀਂ ਇੰਦੌਰ(ਮੱਧਯ ਪ੍ਰਦੇਸ਼) ਵਿਖੇ 17ਵੇ ਪਰਵਾਸੀ ਦਿਵਸ ਮੌਕੇ ਵਰਲਡ ਬੁੱਕ ਆਫ਼ ਰੀਕਾਰਡਜ਼ ਯੂ.ਕੇ ਵੱਲੋਂ ਕੈਨੇਡੀਅਨ ਸਮਾਜ ਨੂੰ ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਲਈ ਭਾਰਤ ਕੀਰਤੀਮਾਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਡਾ. ਰਮਨ ਗਿੱਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਹਿਲੇ ਲੈਂਡ ਸਕੇਪ ਅਫ਼ਸਰ ਸ. ਹਰੀ ਸਿੰਘ ਸੰਧੂ ਜੀ ਦੀ ਸਪੁੱਤਰੀ ਹੈ। ਡਾ. ਰਮਨ ਗਿੱਲ ਨੂੰ ਇਹ ਪੁਰਸਕਾਰ ਨਿਆਂ, ਸਿੱਖਿਆ,ਕਲਾ ਤੇ ਸੱਭਿਆਚਾਰ, ਅਧਿਆਤਮ, ਵਾਤਾਵਰਣ, ਤੇ ਸਰਬਪੱਖੀ ਵਿਕਾਸ ਲਈ ਤਕਨਾਲੋਜੀ ਦੇ ਖੇਤਰ ਵਿੱਚ ਚੋਣਵੀਆਂ ਪਰਵਾਸੀ ਸ਼ਖ਼ਸੀਅਤਾਂ ਦੇ ਨਾਲ ਸਨਮਾਨਿਤ ਕੀਤਾ ਗਿਆ ਹੈ। ਡਾ. ਰਮਨ ਗਿੱਲ ਨੂੰ ਇਹ ਪੁਰਸਕਾਰ ਵਰਿੰਦਰ ਸ਼ਰਮਾ ਮੈਂਬਰ ਪਾਰਲੀਮੈਂਟ ਯੂ ਕੇ, ਸ਼੍ਰੀ ਸ਼ੰਕਰ ਲਾਲਵਾਨੀ ਮੈਂਬਰ ਪਾਰਲੀਮੈਂਟ ਭਾਰਤ, ਸ਼੍ਰੀਮਤੀ ਮਾਲਾ ਤਿਵਾੜੀ ਅਟੱਲ ਫਾਉਂਡੇਸ਼ਨ, ਡਾ. ਦਿਵਾਕਰ ਸ਼ੁਕਲ ਲੰਡਨ ਨੇ ਪ੍ਰਦਾਨ ਕੀਤਾ।

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location:
346 8140 128th St
(Payal Bus. Centre)
Surrey BC
Ph: 778-565-5000
Flagship Location:
6612 Main St.
Vancouver BC
Ph: 604-327-8711
BhartiJewellers.com

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

AMAYA LIVING

60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

## ਗੁਰੂ ਰਵਿਦਾਸ ਜੀ ਦੇ 646ਵੇਂ ਉਤਸਵ ਨੂੰ ਸਮਰਪਿਤ

# ਅੱਖੀਂ ਦੇਖਿਆ ਮੈਂ ਅਜਬ ਨਜ਼ਾਰਾ...

## ਜੈਕਾਰੇ, ਨਾਹਰੇ ਤੇ ਤਾੜੀਆਂ ਵਜਾਉਣ ਦੇ ਨਾਲ-ਨਾਲ "ਇੱਕ ਮੰਚ" 'ਤੇ ਆਉਣ ਨਾਲ ਵਸੇਗਾ 'ਬੇਗ਼ਮਪੁਰਾ'

ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰ, ਸ਼ਰਧਾਲੂ ਉਹਨਾਂ ਨੂੰ ਸਤਿਗੁਰੂ, ਜਗਤਗੁਰੂ, ਗੁਰੂ, ਸੰਤ ਸ਼੍ਰੋਮਣੀ ਕਰਕੇ ਯਾਦ ਕਰਦੇ ਹਨ। ਉੱਥੇ ਸੰਗਤ ਉਹਨਾਂ ਦੀ ਉਚਾਰੀ ਬਾਣੀ *ਚੋਂ ਰੂਹਾਨੀਅਤ, ਮੁਰਸ਼ਦੇ ਕਮਾਲ ਤੇ ਅਧਿਆਤਮਵਾਦੀ ਦਰਵੇਸ਼ ਭਗਤ ਕਰਕੇ ਵੀ ਨਤਮਸਤਕ ਹੁੰਦੀ ਹੈ। ਹਰ ਸਾਲ ਮਨਾਏ ਜਾਂਦੇ ਇਸ ਮਹਾਂਪੁਰਸ਼ ਦੇ ਪ੍ਰਕਾਸ਼ ਦਿਹਾੜੇ ਦੇ ਸਮੇਂ ਤੇ ਪਹਿਲਾਂ ਕੱਢੀਆਂ ਜਾਂਦੀਆਂ ਪ੍ਰਭਾਤ ਫੇਰੀਆਂ, ਨਗਰ ਕੀਰਤਨਾਂ ਦੌਰਾਨ ਗੁਰੂ ਨਾਮ ਲੇਵਾ ਸੰਗਤਾਂ ਦਾ ਜੋਸ਼ੋਖ਼ਖਰੋਸ਼, ਸ਼ਰਧਾ, ਜਜ਼ਬਾ ਤੇ ਜਨੂੰਨ ਦੇਖਣ ਵਾਲਾ ਹੁੰਦਾ ਹੈ। ਆਕਾਸ਼ ਗੁੰਜਾਊ ਜੈਕਾਰੇ ਲੱਗਦੇ ਹਨ। ਅਕਸਰ ਕਈ ਵਾਰ ਪ੍ਰਬੰਧਕਾਂ ਵਲੋਂ ਕੀਤੇ ਪ੍ਰਬੰਧ ਸ਼ਰਧਾਲੂਆਂ ਦੇ ਕੁੰਭ ਵਾਂਗ ਲੱਗਦੇ ਮੇਲੇ ਮੂਹਰੇ ਛੋਟੇ ਪੈ ਜਾਂਦੇ ਹਨ। ਹਰ ਪਾਸੇ ਖੁਸ਼ੀ, ਨੱਚਣ ਗਾਉਣ ਦਾ ਆਲਮ ਨਜ਼ਰ ਅੰਦਾਜ਼ ਕੀਤਾ ਹੀ ਨਹੀਂ ਜਾ ਸਕਦਾ। ਲਿਖਣ ਨਾਲੋਂ ਵੱਧ ਮਾਣਿਆ, ਵੇਖਿਆ, ਸੁਣਿਆ, ਸਮਝਿਆ, ਪਰਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ।

ਭਾਰਤ ਦੇ ਕਈ ਸੂਬਿਆਂ ਖਾਸ ਕਰਕੇ ਉੱਤਰੀ ਭਾਰਤ ਤੇ ਪੰਜਾਬ ਵਿੱਚ ਇਸ ਅਲੌਕਿਕ ਨਜ਼ਾਰੇ ਨੂੰ ਰੂਹਾਨੀ ਮਹਾਨ ਰਹਿਬਰ ਵਜੋਂ ਕਈ ਪ੍ਰਚਾਰਕ ਪੇਸ਼ ਕਰਦੇ ਹਨ। ਸ਼੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਿਤ ਡੇਰਿਆਂ, ਗੁਰਦਵਾਰਿਆਂ, ਮੰਦਿਰਾਂ, ਧਾਰਮਿਕ, ਸਮਾਜਿਕ ਸਥਾਨਾਂ 'ਤੇ ਸੰਗਤਾਂ ਲਈ ਲਗਾਏ ਜਾਂਦੇ ਪੰਡਾਲਾਂ ਦਾ ਨਜ਼ਾਰਾ ਅਨੋਖਾ ਤੇ ਵੇਖਣ ਯੋਗ ਵਜੋਂ ਯਾਦ ਰੱਖਿਆ ਜਾਂਦਾ ਹੈ। ਜਿੱਥੇ ਸਾਧ ਸੰਗਤ ਦੀ ਖੁਸ਼ੀ ਤੇ ਉਤਸ਼ਾਹ ਦਾ ਕੋਈ ਟਿਕਾਣਾ ਨਹੀਂ ਹੁੰਦਾ। ਸੰਗਤ ਸੰਗੀਤਕ ਧੁਨਾਂ 'ਤੇ ਨੱਚਣ ਲੱਗਦੀ ਹੈ, ਬਜ਼ੁਰਗ, ਬੱਚੇ, ਔਰਤਾਂ ਅਤੇ ਨੌਜਵਾਨ ਸਭ ਗੁਰੂ ਜੀ ਦੇ ਰੰਗ ਵਿੱਚ ਰੰਗੇ ਨਜ਼ਰ ਆਉਂਦੇ ਹਨ।

ਪਿਛਲੇ ਕਈ ਸਾਲਾਂ ਤੋਂ ਸੰਗਤਾਂ ਦਾ ਉਤਸ਼ਾਹ ਵੱਧਦਾ ਹੀ ਜਾ ਰਿਹਾ ਹੈ। ਸੰਗਤ ਉਹਨਾਂ ਦੇ ਜੀਵਨ ਫ਼ਲਸਫ਼ੇ,ਘਟਨਾਵਾਂ, ਬਾਣੀ ਰਾਹੀਂ ਦਿੱਤੇ ਉਪਦੇਸ਼, ਸ਼ਾਨਦਾਰ ਸੰਸਕ੍ਰਿਤੀ ਕਾਰਨ ਕਰਕੇ ਅੱਗੇ ਵੱਧਦੀ ਨਜ਼ਰ ਆਉਂਦੀ ਹੈ। ਇਸ ਵਰਤਾਰੇ ਵਾਰੇ ਓਸ਼ੋ ਰਜਨੀਸ਼ ਦਾ ਮੰਨਣਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਵਿੱਚ ਕੁੱਛ ਖਾਸ ਹੈ, ਜਿਸ ਨੇ ਸ਼ੂਦਰ ਦੇ ਘਰ ਪੈਦਾ ਹੋ ਕੇ ਵੀ ਸਭ ਨੂੰ ਮੰਨਣ ਲਈ ਮਜ਼ਬੂਰ ਕਰ ਦਿੱਤਾ। ਜਿਹਨਾਂ ਨੇ ਬੁੱਧ ਧਰਮ ਤੇ ਜੈਨ ਧਰਮ ਨੂੰ ਖਾ ਲਿਆ, ਪਰ ਉਹਨਾਂ ਨੂੰ ਗੁਰੂ ਰਵਿਦਾਸ ਜੀ ਨੂੰ ਮੰਨਣਾ ਹੀ ਪਿਆ। ਸੰਵਿਧਾਨ ਰਚੇਤਾ ਬਾਬਾ ਡਾ. ਭੀਮ ਰਾਓ ਅੰਬੇਡਕਰ ਜੀ ਨੇ ਕਿਹਾ ਕਿ ਉਹ ਅਛੂਤ ਸਮਾਜ ਵਿੱਚ ਪੈਦਾ ਹੋ ਕੇ ਵੀ ਆਪਣੇ ਮਨ ਦੀ ਪਵਿੱਤਰਤਾ ਅਤੇ ਸਦਾਚਾਰ ਕਰਕੇ ਜਾਣੇ ਜਾਂਦੇ ਹਨ। ਭਾਰਤ ਵਿੱਚ ਸਭ ਤੋਂ ਵੱਧ ਪੜ੍ਹੇ ਲਿਖੇ ਰਾਸ਼ਟਰਪਤੀ ਸ਼੍ਰੀ ਆਰ.ਕੇ. ਨਰਾਇਣਨ ਨੇ ਕਿਹਾ ਕਿ 'ਸਤਿਗੁਰੂ ਰਵਿਦਾਸ ਮੱਧਕਾਲੀਨ ਯੁੱਗ ਦੇ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਅਧਿਆਤਮਕ ਏਕਤਾ, ਸਮਾਨਤਾ ਅਤੇ ਭਾਈਚਾਰੇ ਦਾ ਪ੍ਰਚਾਰ ਕੀਤਾ। ਉਹਨਾਂ ਦੀਆਂ ਸਿੱਖਿਆਵਾਂ ਅੱਜ ਵੀ ਵਧੇਰੇ ਪ੍ਰਸੰਗਿਕ ਹਨ'

ਸਦੀਆਂ ਤੋਂ ਹਾਸ਼ੀਏ 'ਤੇ ਕੀਤੇ ਗ਼ੁਲਾਮ ਬਣਾ ਕੇ ਚਾਰ ਵਰਣਾ ਵਿੱਚ ਵੰਡ ਕੇ ਸਭ ਤੋਂ ਅਖੌਤੀ ਨੀਵੀਂ ਜਾਤ ਵਿੱਚ ਪੈਦਾ ਹੋਣ ਵਾਲੀ ਇਸ ਰੱਬੀ ਰੂਹ ਨੂੰ ਸੰਗਤ ਨਤਮਸਤਕ ਹੋਣ ਲਈ ਤਤਪਰ ਹੁੰਦੀ ਹੈ, ਸਮਾਗ਼ਮ 'ਚ ਸ਼ਾਮਿਲ ਹੋਣਾ ਹਰ ਪ੍ਰਕਾਰ ਦੇ ਭਿੰਨਖ਼ਭਿੰਨ ਵਿਚਾਰਧਾਰਾ ਵਾਲੇ ਆਗੂਆਂ ਦਾ ਇੱਕ ਤਰ੍ਹਾਂ ਜਰੂਰੀ ਹੋ ਗਿਆ ਹੈ। ਜਿਵੇਂ ਕਿਹਾ ਜਾਂਦਾ ਹੈ ਕਿ "ਕੱਖਾਂ ਕੰਡਿਆਂ 'ਚੋਂ ਇੱਕ ਭਾਂਬੜ ਮੱਚਿਆ, ਸੂਲ਼ਾਂ ਦੀ ਜੋ ਸੇਜ਼ 'ਤੇ ਨੰਗੇ ਪੈਰ੍ਹੀਂ ਨੱਚਿਆ" ਗੀਤ ਦੀਆਂ ਸਤਰਾਂ ਅਸਲ ਵਿੱਚ ਉਸ ਅਤੀਤ ਵਾਰੇ ਸੱਚੋ ਸੱਚ ਹੀ ਬਿਆਨ ਕਰ ਰਹੀਆਂ ਹਨ। ਉਸ ਵੇਲੇ ਸਥਾਪਿਤ ਸੰਪੂਰਨ ਗ਼ੈਰ ਬਰਾਬਰੀ ਵਾਲੀ ਵਿਵਸਥਾ ਨੂੰ ਇੱਕ ਤਰ੍ਹਾਂ ਚੁਣੌਤੀ ਦੇ ਕੇ ਪੂਰਨ ਸਮਾਨਤਾ ਦੀ ਵਿਵਸਥਾ ਲਈ "ਬੇਗ਼ਮਪੁਰਾ ਸਹਰ ਕੋ ਨਾਉ... ਐਸਾ ਚਾਹੂੰ ਰਾਜ ਮੈਂ" ਸੱਚਮੁੱਚ ਹੀ ਬਗ਼ਾਵਤ ਦੀ ਅੱਗ ਸਾਬਿਤ ਹੋਈ ਤੇ ਉਸ ਵੇਲੇ ਦੇ ਹੁਕਮਰਾਨਾਂ ਨੂੰ ਕਿਹਾ "ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ" ਰਾਹੀਂ ਲਲਕਾਰਿਆ। 40 ਸ਼ਬਦ ਤੇ ਇੱਕ ਸ਼ਲੋਕ ਗੁਰੂ ਨਾਨਕ ਜੀ ਨੂੰ ਭੇਂਟ ਕੀਤੇ ਅਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਉੱਥੇ ਇਸ ਤੋਂ ਇਲਾਵਾ ਉਹਨਾਂ ਦੀ ਬਹੁਤ ਸਾਰੀ ਬਾਣੀ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਤੇ ਹੋਰ ਕਈ ਗ੍ਰੰਥਾਂ ਵਿੱਚ ਮਿਲਦੀ ਹੈ। ਦੂਜਾ ਪੱਖ ਇੱਥੇ ਇਹ ਵੀ ਵਿਚਾਰਨਯੋਗ ਹੈ ਕਿ ਕੀ ਇੱਕ ਦਿਨ ਜਾਂ ਮਹੀਨਾ ਭਰ ਜਸ਼ਨ ਮਨਾ ਕੇ ਉਹਨਾਂ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕਦਾ ਹੈ? ਤਰਕਲੀਲ ਦੀ ਜੇ ਗੱਲ ਕੀਤੀ ਜਾਵੇ ਤਾਂ ਉਹਨਾਂ ਮਹਾਨ ਪੁਰਸ਼ਾਂ ਦੇ ਜਸ਼ਨ ਮਨਾਉਣ ਤੱਕ ਸੀਮਿਤ ਰਹਿਣਾ ਚਾਹੀਦਾ ਹੈ ਜਾਂ ਸਾਲ ਦੇ ਬਾਕੀ ਦਿਨ, ਮਹੀਨੇ ਵੀ ਇਸੇ ਤਰ੍ਹਾਂ ਦੀ ਸੁਰਤਾਲ ਸਮਾਜ ਨੂੰ ਮਿਲਾਕੇ ਰੱਖਣੀ ਚਾਹੀਦੀ ਹੈ। ਹਰ ਸੂਝਵਾਨ ਮਨੁੱਖ ਦਾ ਜਵਾਬ ਸ਼ਾਇਦ ਇਹੀ ਹੋਵੇਗਾ ਕਿ ਜਿਸ ਸਮੇਂ, ਜਿਹਨਾਂ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਗੁਰੂ ਸਾਹਿਬ ਨੇ ਹੱਕ ਸੱਚ ਦੀ ਕਿਰਤ ਕਰਕੇ ਬਾਣੀ ਰਾਹੀਂ ਪ੍ਰਮਾਤਮਾ ਨੂੰ ਯਾਦ ਕੀਤਾ ਹੈ, ਉੱਥੇ ਕ੍ਰਾਂਤੀਕਾਰੀ ਵਿਚਾਰਾਂ ਦਾ ਵੀ ਸੰਗਤਾਂ ਨੂੰ ਉਪਦੇਸ਼ ਦਿੱਤਾ ਹੈ. ਉਹਨਾਂ ਕਿਹਾ ਕਿ ਮੈਂ ਐਸਾ ਰਾਜ ਭਾਗ ਚਾਹੁੰਦਾ ਹਾਂ ਜਿੱਥੇ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੀਆਂ ਕਦਰਾਂ ਕੀਮਤਾਂ ਤੇ ਬਿਨ੍ਹਾਂ ਕਿਸੇ ਡਰ ਭੈਅ ਵਾਲੀ ਵਿਵਸਥਾ ਹੋਵੇ, ਭਾਵ ਰਾਜ ਭਾਗ ਹੋਵੇ। ਅਜਿਹੇ ਰਾਜ ਦਾ ਇੱਕ ਅਜਿਹਾ ਮੁਖੀਆ ਹੋਵੇ ਜੋ ਸਭ ਨੂੰ ਸੁੱਖਮਈ ਜੀਵਨ ਜਿਊਣ ਵਾਲੀਆਂ ਨੀਤੀਆਂ ਨੂੰ ਅਪਣਾਵੇ ਤੇ ਸੱਚੇ ਦਿਲੋਂ ਲਾਗੂ ਕਰਕੇ "ਬੇਗ਼ਮਪੁਰਾ ਸ਼ਹਿਰ" ਵਸਾਵੇ। ਲੇਕਿਨ ਅਸੀਂ ਛੇ ਸਦੀਆਂ ਬੀਤਣ ਦੇ ਬਾਵਜੂਦ ਕੁੱਝ ਦਿਨ ਉਹਨਾਂ ਦੇ ਜੈਕਾਰੇ, ਤਾੜੀਆਂ,ਜੋਸ਼ੀਲੇ ਭਾਸ਼ਨ ਤੇ ਬੁਲਾਰੇ ਸੁਣਾ ਕੇ, ਬੋਲ ਕੇ, ਗਾ ਕੇ ਅਤੇ ਲਿਖ ਕੇ ਮਿਸ਼ਨ ਉੱਥੇ ਹੀ ਛੱਡ ਦਿੰਦੇ ਹਾਂ। ਫਿਰ ਸੰਗਠਨ ਬਣਾ ਲੈਂਦੇ ਹਾਂ ਜਾਂ ਫਿਰ ਸੰਗਠਨ ਬਣ ਜਾਵੇ ਤਾਂ ਫਿਰ ਕੁੱਝ ਲਾਲਸਾਵਾਂ ਆਪਸੀ ਕਾਰਨਾਂ ਕਰਕੇ ਖੁਦਗਰਜ਼ੀ ਕਾਰਨ ਆਪ ਕੌਮੀ ਪ੍ਰਧਾਨ,ਰਾਸ਼ਟਰੀ ਪ੍ਰਧਾਨ, ਸੂਬਾ ਪ੍ਰਧਾਨ ਬਣ ਕੇ ਨਾਇਕ ਬਣਨ ਦੀ ਅਭੁੱਲ ਕੋਸ਼ਿਸ਼ ਕਰਦੇ ਆ ਰਹੇ ਹਾਂ। ਜਿਸ ਕਰਕੇ ਅਸੀਂ ਕਰੋੜਾਂ ਦੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਭਾਰਤ ਨੂੰ ਮਹਾਂਪੁਰਸ਼ਾਂ ਦੇ ਸੁਪਨਿਆਂ ਨੂੰ ਰਾਜਭਾਗ *ਚ ਨਹੀਂ ਤਬਦੀਲ ਕਰ ਸਕੇ। 72 ਸਾਲ ਪਹਿਲਾਂ ਹੀ ਅਸੀਂ ਨਾਗਰਿਕ ਬਣੇ ਹਾਂ। ਪਹਿਲਾਂ ਅਸੀਂ ਆਮ ਲੋਕ ਹੀ ਸਾਂ। ਸਭ ਦੇ ਅੱਜ ਮੌਲਿਕ ਅਧਿਕਾਰ ਹਨ ਤੇ ਅਸੀਂ ਆਪਣੇ ਹੱਕਾਂ ਦੀ ਸਮੀਖਿਆ ਕਰਕੇ ਇਹ ਕਹਿ ਸਕਦੇ ਹਾਂ ਕਿ ਸੰਗਤ ਨੇ ਹਜਾਰਾਂ ਸੰਸਥਾਵਾਂ ਨੂੰ ਕਰੋੜਾਂ, ਅਰਬਾਂ ਰੁਪਏ ਦਾਨ ਦਿੱਤਾ। ਜਿਸ ਨਾਲ ਸਾਡਾ ਕਿੰਨਾ ਕੁ ਭਲਾ ਹੋਇਆ? ਇਹ ਚਿੰਤਨ ਦਾ ਵਿਸ਼ਾ ਹੈ ਜਦ ਕਿ ਇੰਨੀ ਵੱਡੀ ਰਕਮ ਨਾਲ ਇੱਕ ਉਪ ਮਹਾਂਦੀਪ ਖਰੀਦਿਆ ਜਾ ਸਕਦਾ ਸੀ। ਬਹੁਜਨਾਂ ਦੇ "ਸਾਹਿਬ" ਸ਼੍ਰੀ ਕਾਂਸ਼ੀ ਰਾਮ ਜੀ ਨੇ ਜੀਵਨ ਭਰ ਦੀਆਂ ਖੁਸ਼ੀਆਂ ਨੂੰ ਤਿਲਾਂਜਲੀ ਦੇ ਕੇ ਇੱਕ ਸੰਗਠਨ ਬਣਾਇਆ। ਅੱਜ ਭਾਰਤ ਦੇ ਕੋਨੇ ਕੋਨੇ 'ਚ ਵੱਖ-ਵੱਖ ਮਹਾਂਪੁਰਸ਼ਾਂ ਦੇ ਨਾਮ 'ਤੇ 10 ਲੱਖ ਦੇ ਕਰੀਬ ਸੰਗਠਨ ਬਣ ਚੁੱਕੇ ਹਨ। ਜਦਕਿ ਦੂਜੇ ਪਾਸੇ ਇੱਕ ਜਾਂ ਕੁੱਝ ਸੰਗਠਨ ਬਣਾ ਕੇ ਰਾਜਭਾਗ ਦਾ ਆਨੰਦ ਮਾਣ ਰਹੇ ਹਨ। ਜਦਕਿ ਅਸੀਂ . 3 ਹਜ਼ਾਰ ਸਾਲਾਂ ਤੋਂ ਲੈ ਕੇ 5 ਹਜ਼ਾਰ ਸਾਲਾਂ ਤੱਕ ਪਹਿਲਾਂ ਜੋ ਅਣਮਨੁੱਖੀ ਜਾਂ ਦੂਜੇ ਸ਼ਬਦਾਂ ਵਿੱਚ ਪੂਰਨ ਅਸਮਾਨਤਾ ਵਾਲੀ ਵਿਵਸਥਾ ਸੀ ਨੂੰ ਹੁਣ ਨਵੇਂ ਸ਼ਬਦਾਂ ਦਾ ਲਬਰੇਜ਼ ਚਾੜ੍ਹ ਕੇ ਮਾਨਵਵਾਦੀ ਮਿਸ਼ਨ ਨੂੰ ਸੱਟ ਮਾਰੀ ਜਾ ਰਹੀ ਹੈ, ਪਰ ਅਸੀਂ ਐਨੇ ਸੰਗਠਨਾਂ ਦੇ ਬਾਵਜੂਦ "ਐਸਾ ਚਾਹੂੰ ਰਾਜ ਮੈਂ" ਸਥਾਪਿਤ ਨਹੀਂ ਕਰ ਸਕੇ।ਹਰ ਤੀਜਾ ਵਿਅਕਤੀ ਸੰਗਠਨ ਬਣਾਉਣ ਵਿੱਚ ਲੱਗਾ ਹੋਇਆ ਹੈ। ਇਸ ਵਾਰੇ 20ਵੀਂ ਸਦੀ ਦੇ ਮਹਾਨ ਦਾਰਸ਼ਨਿਕ, ਮਾਨਵਵਾਦੀ ਤੇ ਇਨਕਲਾਬੀ ਯੋਧੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਕਿਹਾ ਸੀ ਕਿ ਆਪਣਾ ਖੁੱਸਿਆ ਹੋਇਆ ਰਾਜਭਾਗ ਲੈਣ ਲਈ ਇੱਕ ਪਾਰਟੀ, ਇੱਕ ਝੰਡਾ, ਇੱਕ ਨਿਸ਼ਾਨ ਹੋਣਾ ਲਾਜ਼ਮੀ ਹੈ। ਸਮਾਜ ਕਿਸੇ ਕਮਲ਼ੀ ਦੇ ਖਿੱਲਰੇ ਹੋਏ ਵਾਲਾਂ ਵਾਂਗ ਨਜ਼ਰ ਆਉਂਦਾ ਹੈ। ਆਪਸੀ ਏਕਤਾ, ਭਾਈਚਾਰਾ ਕਿੱਥੇ ਹੈ।ਜਿੰਨੀ ਮਹਾਨ ਵਿਰਾਸਤ ਸਾਨੂੰ ਬੜੇ ਜ਼ਬਰ ਜ਼ੁਲਮ ਸਹਿ ਕੇ ਮਹਾਂਪੁਰਸ਼ਾਂ ਨੇ ਦਿੱਤੀ, ਉਸ 'ਚ ਅਜੇ ਤੱਕ ਇੱਕ ਪੂਣੀ ਹੀ ਕੱਤੀ ਨਜ਼ਰ ਆਉਂਦੀ ਹੈ, ਅਜੇ ਚਰਖਾ ਕੱਤਣਾ ਬਾਕੀ ਹੈ। ਗੁਰੂਆਂ ਨੇ ਕਿਹਾ ਸੀ ਕਿ ਹੱਕ ਮੰਗਿਆਂ ਨਹੀਂ ਮਿਲਦੇ, ਹੱਕਾਂ ਲਈ ਲੜਨਾਂ ਹੀ ਪੈਂਦਾ ਹੈ. ਪਰ ਮੌਜੂਦਾ ਸਮੇਂ ਤੇ ਪਿਛਲੇ ਕਰੀਬ 40-45 ਸਾਲਾਂ *ਤੇ ਪੰਛੀ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਆਗੂ ਆਪਸ ਵਿੱਚ ਹੀ ਤਾਲ-ਮੇਲ ਨਹੀਂ ਬਿਠਾ ਸਕੇ।ਸਗੋਂ ਇੱਕ ਦੂਜੇ ਨੂੰ ਨੀਵਾਂ ਦਿਖਾ ਕੇ ਅੱਗੇ ਵੱਧਣ ਦੀ ਥਾਂ ਪਿੱਛੇ ਨੂੰ ਹੀ ਜਾ ਰਹੇ ਹਾਂ । ਦੁਨੀਆਂ ਭਰ ਦੇ ਇਤਿਹਾਸ 'ਤੇ ਗ਼ੁਲਾਮ ਬਣਾਏ ਗਏ ਸਮਾਜਾਂ ਦੇ ਸੰਦਰਭ ਵਿੱਚ ਕਿਹਾ ਜਾ




ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# 26 ਜਨਵਰੀ ਦੇ ਦਿਨ ਨੂੰ ਕਾਲੇ ਦਿਨ ਵਜੋਂ ਮਨਾਉਣ ਦੇ ਨਾਲ ਭਾਰਤ ਦੇਸ਼ ਨੂੰ ਬੰਦੀ ਸਿੰਘਾਂ ਅਤੇ ਮਨੁੱਖੀ ਹੱਕਾਂ ਦਾ ਕਾਤਲ ਗਰਦਾਨਿਆ:ਭਾਈ ਹਰਦੀਪ ਸਿੰਘ ਨਿੱਝਰ

ਵੈਨਕੂਵਰ:-26 ਜਨਵਰੀ ਦੇ ਦਿਨ ਪੰਥ ਦਰਦੀਆਂ ਨੇ ਪੂਰੇ ਜੋਸ਼ੋ-ਖਰੋਸ਼ ਨਾਲ ਹਰ ਸਾਲ ਦੀ ਤਰ੍ਹਾਂ ਭਾਰਤੀ ਅੰਬੈਸੀ ਮੂਹਰੇ ਖ਼ਾਲਿਸਤਾਨ ਦਾ ਝੰਡਾ ਚੜ੍ਹਾਉਂਦਿਆਂ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ,ਖਾਲਿਸਤਾਨ ਰੈਫਰੈਂਡਮ ਦੇ ਹੱਕ ਵਿੱਚ ਵੋਟਾਂ ਪਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਕਾਸ਼ ਗੂੰਜਾਊ ਨਾਅਰੇ ਲਾਏ ਗਏ। ਉੱਥੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨ ਲਈ ਭਾਰਤੀ ਹਿੰਦੂਤਵੀ ਹਕੂਮਤ ਨੂੰ ਮਨੁੱਖੀ ਹੱਕਾਂ ਦਾ ਕਾਤਲ ਦੇਸ਼ ਗਰਦਾਨਿਆ।

ਵੱਖ ਵੱਖ ਸ਼ਹਿਰਾਂ ਤੋਂ ਪਹੁੰਚੇ ਪੰਥ ਦਰਦੀਆਂ ਨੇ ਆਪੋ-ਆਪਣੇ ਜੋਸ਼ੀਲੇ ਵਿਚਾਰ ਰੱਖੇ ਅਤੇ ਇਸ ਮੌਕੇ ਭਾਈ ਹਰਦੀਪ ਸਿੰਘ ਨਿੱਝਰ ਨੇ ਬੋਲਦਿਆਂ ਕਿਹਾ ਕੀ ਇਹ ਭਾਰਤ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ ਹੀ ਆਜ਼ਾਦ ਹੋਇਆ ਸੀ ਤੇ ਅੱਜ ਭਾਰਤੀ ਹਿੰਦੂਤਵੀ ਹਕੂਮਤ ਸਿੱਖਾਂ ਨੂੰ ਹੀ ਗ਼ੁਲਾਮ ਬਣਾ ਕੇ ਰੱਖਣਾ ਚਾਹੁੰਦੀ ਹੈ। ਪਰ ਅਸੀਂ ਭਾਰਤੀ ਹਕੂਮਤ ਨੂੰ ਦਸਣਾ ਚਾਹੁੰਦੇ ਹਾਂ ਕਿ ਸਾਡਾ ਇਤਿਹਾਸ ਗਵਾਹ ਹੈ ਕਿ ਸਿੱਖ ਕਿਸੇ ਵੀ ਹਕੂਮਤ ਦੇ ਗੁਲਾਮ ਨਹੀਂ ਹੋਏ। ਬੇਸ਼ੱਕ ਭਾਰਤੀ ਹਕੂਮਤ ਨੇ ਸਿੱਖਾਂ ਨੂੰ ਗੁਲਾਮ ਬਨਾਉਣ ਲਈ ਸਾਡੇ ਗੁਰਦੁਆਰੇ ਢਾਹੇ ਗਏ , ਬੇਕਸੂਰ ਸਿੱਖਾਂ ਦੇ ਕਤਲ ਕੀਤੇ ਗਏ , ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀਆਂ ਦਿਨ-ਦਿਹਾੜੇ ਬੇਅਦਬੀਆਂ ਕਰਵਾਈਆਂ ਗਈਆਂ ,ਧੀਆਂ ਭੈਣਾਂ ਨੂੰ ਬੇ-ਇੱਜ਼ਤ ਕੀਤਾ ਗਿਆ, ਸਿੱਖ ਨੌਜਵਾਨਾ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਕਤਲ ਕੀਤਾ ਗਿਆ, ਦੂਜੇ ਪਾਸੇ ਆਪਣੇ ਬੰਦੀ ਸਿੰਘ ਭਾਰਤੀ ਕਨੂੰਨ ਅਨੁਸਾਰ ਬਣਦੀਆਂ ਸਜ਼ਾਵਾਂ ਤੋਂ ਦੁੱਗਣੀ ਕੈਦ ਭੁਗਤ ਲਏ ਜਾਣ ਦੇ ਬਾਵਜੂਦ ਅਜੇ ਤੱਕ ਰਿਹਾਅ ਨਹੀਂ ਕੀਤੇ ਜਾ ਰਹੇ। ਜਿਸ ਦੇਸ਼ ਵਿੱਚ ਮਨੁੱਖ ਨੂੰ ਮਨੁੱਖ ਹੀ ਨਾ ਸਮਝਿਆ ਜਾਵੇ, ਜਿਸ ਦੇਸ਼ ਦਾ ਪ੍ਰਧਾਨਮੰਤਰੀ ਹਜ਼ਾਰਾਂ ਹੀ ਮੁਸਲਮਾਨਾਂ ਦਾ ਕਾਤਲ ਹੋਵੇ, ਇਨਸਾਫ਼ ਮੰਗਣ ਵਾਲੇ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਕੈਦ ਕੀਤਾ ਜਾਵੇ, ਜਿਸ ਦੇਸ਼ ਵਿੱਚ ਮਨੁੱਖਾਂ ਦੀ ਕੋਈ ਕਦਰ ਹੀ ਨਹੀਂ ਸਗੋਂ ਮਨੁੱਖਾਂ ਦੇ ਕਤਲ ਕਰਕੇ ਇਨਸਾਫ ਵੀ ਨਾ ਮਿਲੇ ਇਹ ਜਿਹੇ ਭਾਰਤ ਦੇਸ਼ ਵਿਚ ਸਿੱਖਾਂ ਦੇ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਿੱਖਾਂ ਲਈ ਭਾਰਤੀ ਗਣਤੰਤਰ ਦਿਵਸ ਦੇ ਕੋਈ ਅਰਥ ਨਹੀਂ ਹਨ ਅਤੇ ਇਹ ਦਿਨ ਖੁਸ਼ੀ ਜਾਂ ਜਸ਼ਨ ਮਨਾਉਣ ਦੇ ਨਹੀਂ ਸਗੋਂ ਅਜ਼ਾਦੀ ਤੇ ਹੱਕ ਸੱਚ ਲਈ ਗਲੋਂ ਗੁਲਾਮੀ ਲਾਹਉਣ ਲਈ ਸਿੱਖ ਕੌਮ ਨੂੰ ਜਾਗਰੂਕ ਕਰਨ ਦੀ ਲੋੜ ਹੈ। ਤਾਂ ਕਿ ਅਸੀਂ ਸਰਬੱਤ ਦੇ ਭਲੇ ਵਾਲਾ ਖ਼ਾਲਸਾ ਰਾਜ ਖ਼ਾਲਿਸਤਾਨ ਬਣਾ ਕੇ ਹਰ ਵਰਗ ਦੇ ਲੋਕਾਂ ਨੂੰ ਸੁਖੀ ਖੁਸ਼ ਆਜ਼ਾਦੀ ਤੇ ਬਰਾਬਰੀ ਦੇ ਹੱਕ ਦਿਵਾ ਸਕੀਏ। ਅਖੀਰ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੇ ਹੋਏ ਪੰਥ ਦਰਦੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਮੌਕੇ ਦੁੱਖ ਨਿਵਾਰਨ ਗੁਰਦੁਆਰਾ




ਸਾਹਿਬ ਸਰੀ ਦੇ ਮੁੱਖ ਸੇਵਾਦਾਰ ਗਿਆਨੀ ਨਰਿੰਦਰ ਸਿੰਘ, ਗੁਰਦੁਆਰਾ ਬੰਦਾ ਬਹਾਦਰ ਐਬਸਫੋਰਡ ਦੇ ਬਾਬਾ ਰਣਜੀਤ ਸਿੰਘ, ਗੁ. ਦਸ਼ਮੇਸ਼ ਦਰਬਾਰ ਤੋਂ ਜਥੇ: ਸਤਿੰਦਰ ਸਿੰਘ,ਨਾਸਾ ਤੋਂ ਭਾਈ ਧਰਮ ਸਿੰਘ,ਮਨੁਖੀ ਅਧਿਕਾਰ ਐਕਟੇਵਿਸਟ ਭਾਈ ਸੁਨੀਲ ਕੁਮਾਰ , ਇੰਦਰਜੀਤ ਸਿੰਘ ਬੈਂਸ , ਗੁ. ਦਸ਼ਮੇਸ ਦਰਬਾਰ ਦੇ ਪ੍ਰਧਾਨ ਸ. ਗੁਰਦੀਪ ਸਿੰਘ ਸਮਰਾ ,ਬੀਸੀ ਗੁ. ਕੌਂਸਲ ਦੇ ਚੇਅਰਮੈਨ ਸ. ਹਰਭਜਨ ਸਿੰਘ ਅਟਵਾਲ ਅਤੇ ਉੱਘੇ ਮਨੁੱਖੀ ਅਧਿਕਾਰ ਕਾਰਕੁੰਨ ਤੇ ਲੇਖਕ ਭਾਈ ਚਰਨਜੀਤ ਸਿੰਘ ਸੁੱਜੋ ,ਸ਼ਹੀਦ ਪ੍ਰੀਵਾਰਾਂ ਵਿੱਚੋਂ ਭਾਈ ਸਰੂਪ ਸਿੰਘ ਤੁੜ ਅਤੇ ਵਾਰਿਸ ਪੰਜਾਬ ਦੇ ਭਾਈ ਭਾਈ ਭੁਪਿੰਦਰ ਸਿੰਘ ਹੋਠੀ ਆਦਿ ਪੰਥ ਦਰਦੀ ਹਾਜ਼ਰ ਸਨ।

☞ ਸਕਦਾ ਹੈ ਕਿ ਉਹਨਾਂ ਬੜੇ ਜ਼ੁਲਮ ਸਹੇ, ਪਰ ਉਹਨਾਂ ਰਾਜਭਾਗ ਵੀ ਆਪਣਾ ਸਥਾਪਿਤ ਕਰਕੇ ਆਪਣੇ ਆਗੂਆਂ ਨੂੰ ਤਨੋਂ, ਮਨੋਂ, ਧਨੋਂ ਸਹਾਇਤਾ ਕਰਕੇ ਉਭਾਰਿਆ. ਅਮਰੀਕਾ ਦੇ ਕਾਲੇ ਤੇ ਗਰੀਬ ਲੋਕਾਂ *ਚ ਇਬਰਾਹਿਮ ਲਿੰਕਨ ਅਤੇ ਬਰਾਕ ਹੁਸੈਨ ਓਬਾਮਾ ਰਾਸ਼ਟਰਪਤੀ ਬਣੇ। ਉੱਥੇ ਕਾਲੇ ਲੋਕਾਂ ਨੂੰ ਇਸ ਹੱਦ ਤੱਕ ਲੁੱਟਿਆ ਅਤੇ ਕੁੱਟਿਆ ਅਤੇ ਬੇਇੱਜਤ ਕੀਤਾ, ਜਿਸ ਦੇ ਫਲਸਰੂਪ ਅੱਜ ਵੀ ਅਮਰੀਕਨ ਕਾਲੇ ਲੋਕਾਂ ਤੋਂ ਥਰਖ਼ਥਰ ਕੰਬਦੇ ਹਨ। ਦੱਖਣੀ ਅਫ਼ਰੀਕਾ ਵਿੱਚ ਕੌਮ ਨੇ ਨੈਲਸਨ ਮੰਡੇਲਾ ਨੂੰ ਰਾਸ਼ਟਰਪਤੀ ਬਣਾਇਆ। ਇਜ਼ਰਾਇਲ ਦੇ ਆਮ ਲੋਕਾਂ *ਤੇ ਇੰਨੇ ਜ਼ੁਲਮ ਹੋਏ ਕਿ ਉਹਨਾਂ ਨੂੰ ਗਰਮ ਲੋਹੇ ਦੇ ਕੜਾਹਿਆਂ ਵਿੱਚ ਪਾ ਕੇ ਸਾੜਿਆ ਗਿਆ। ਪਰ ਉਹਨਾਂ ਇੰਨੀਆਂ ਜ਼ਿਆਦਤੀਆਂ ਅਤੇ ਤਸ਼ੱਦਦ ਤੋਂ ਇੰਨਾ ਸਬਕ ਸਿੱਖਿਆ ਕਿ ਅੱਜ ਦੁਨੀਆਂ ਦੇ ਸਭ ਤੋਂ ਵੱਡੇ ਇਨਾਮ ਨੋਬਲ ਪੁਰਸਕਾਰ ਦੁਨੀਆਂ *ਚ ਸਭ ਤੋਂ ਵ ੱਧ ਜਿੱਤ ਕੇ ਜਿੱਤ ਦ ੇ ਨਿਸ਼ਾਨ ਆਪਣੇ ਨਾਂ ਕਰਵਾਏ। ਦੂਜੇ ਪਾਸੇ ਅਸੀਂ ਇਸ ਸਾਰੇ ਵਰਤਾਰੇ ਦਾ ਨਿਚ ੋੜ ਇਹੀ ਨਿੱਕਲ ਕੇ ਸਾਹਮਣੇ ਆਉ ੰਦਾ ਹੈ ਕਿ ਮਹਾਂਪੁਰਸ਼ਾਂ ਦੇ ਜਨਮ ਦਿਨ ‘ਤੇ ਖੁਸ਼ੀਆਂ ਮਨਾਉ ਣੀਆਂ ਚਾਹੀਦੀਆਂ ਹਨ. ਉੱਥੇ ਦੂਜੇ ਪਾਸੇ ਸੋਚਣ ਵਿਚਾਰਨ ਤੇ ਚਿੰਤਨ ਦਾ ਸਮਾਂ ਵੀ ਇਹੀ ਹੈ ਕਿ ਵੱਖ-ਵੱਖਮੰਚਾਂ ਨਾਲੋਂ ਇੱਕ ਮੰਚ *ਤੇ ਇਕੱਠੇ ਹੋ ਕੇ ਹਜ਼ਾਰਾਂ ਸਾਲਾਂ ਤੋਂ ਨਰਕ ਭਰੀ ਜ਼ਿੰਦਗੀ ਨੂੰ, “ਬੇਗ਼ਮਪੁਰਾ ਸ਼ਹਿਰ” ਦੇ ਵਾਸੀ ਬਣ ਕੇ ਖੁਸ਼ਹਾਲ ਜ਼ਿੰਦਗੀ ਜੀਵੀ ਜਾ ਸਕਦੀ ਹੈ। ਵਰਨਾ ਆਇਆ ਸਾਲ ਤੇ ਗਿਆ ਸਾਲ ਵਾਂਗ ਇਹ ਜਨਮ ਦਿਹਾੜੇ ਆਉਂਦੇ ਜਾਂਦੇ ਰਹਿਣਗੇ। ਪਰ ਅਸਲ ਮੰਜ਼ਿਲ ਪ੍ਰਾਪਤੀ ਲਈ ਘੱਟੋਖ਼ਘੱਟ “ਸਾਂਝੇ ਪ੍ਰੋਗਰਾਮ” ਤਹਿਤ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਿਆ ਜਾ ਸਕਦਾ ਹੈ। ਆਪਸੀ ਈਰਖਾ, ਸਾੜੇ, ਲੜਾਈਖ਼ਝਗੜਿਆਂ ਨੂੰ ਸਮੇਟ ਕੇ ਮਹਾਨ ਮਹਾਂਪੁਰਸ਼ਾਂ ਦੇ ਸੰਘਰਸ਼ਾਂ, ਸੰਗਰਾਮ ਤੇ ਜੱਦੋ-ਜਹਿਦ ਨੂੰ ਧਿਆਨ *ਚ ਰੱਖਦੇ ਹੋਏ ਝੂਠ ਬੋਲਣ, ਬਹਾਨੇ ਲਗਾਉ ਣ, ਬੇਈਮਾਨੀ ਤੇ ਝਗੜਾਲੂ ਵਿਵਹਾਰ ਨੂੰ ਪਿੱਛੇ ਛੱਡਦੇ ਹੋਏ। ਸਦੀਆਂ ਤੋਂ ਹਾਸ਼ੀਏ ਤੇ ਕੀਤੇ ਗਏ ਸਮਾਜ ਨੂੰ ਸਮੇਂ ਦੇ ਹਾਣੀ ਬਣਾਉ ਣ ਲਈ ਸਿਰ ਜੋੜ ਕੇ ਮੰਜ਼ਿਲ-ਏ-ਮਕਸੂਦ ਵ ੱਲ ਵਧੀਏ। ਇਸੇ ਜਨਮ ਦਿਹਾੜੇ *ਤੇ ਓ ਹਨਾਂ ਨੂੰ ਯਾਦ ਕਰਨ ਦਾ, ਉ ਹਨਾਂ ਦ ੇ ਅਧੂਰੇ ਕਾਰਜ ਨੂੰ ਸੰਪੂਰਨ ਕਰਨ ਦਾ ਵੇਲਾ ਹੈ. ਸਾਨੂੰ ਅਜਿਹੇ ਸ਼ੁੱਭ ਮੌਕੇ *ਤੇ ਦੂਜੇ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਉਣ, ਉਹਨਾਂ ਦੀਆਂ ਪ੍ਰਾਪਤੀਆਂ ਨੂੰ ਸਮਝਣ, ਆਪਣੇ ਦੋਸ਼ਾਂ ਨੂੰ ਤਿਆਗਣ ਅਤੇ ਆਪਣੇ ਆਪ ਨੂੰ ਸਮੁੱਚੀ ਮਾਨਵ ਜਾਤੀ ਨਾਲ ਇੱਕ ਸੁਰ ਹੋ ਕੇ ਮਨ ਦੀ ਅਮੀਰੀ ਤੇ ਦਲੇਰੀ ਦਿਖਾਉ ਣ ਦੀ ਲੋੜ ਹੈ। ਆਓ ਇੱਕ ਮੰਚ *ਤੇ ਇਕੱਠੇ ਹੋ ਕੇ ਸਰਬਤ ਦੇ ਭਲੇ ਤੇ ਬੇਗ਼ਮਪੁਰ ਸ਼ਹਿਰ ਦੇ ਵਾਸੀ ਬਣਨ ਲਈ ਸਿਰ ਜੋੜ ਕੇ ਅੱਗੇ ਵਧੀਏ।-

**ਸੰਤੋਖ ਸਿੰਘ ਜੱਸੀ ਮੋਬਾਇਲ ਨੰ: 70876-19800**

# ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਲ ਅਮਰੀਕੀ ਦੌਰੇ ’ਤ



ਵਾਸ਼ਿੰਗਟਨ:ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਲ ਅਮਰੀਕਾ ਦੌਰੇ ’ਤੇ ਹਨ। ਉਥੇ ਭਾਰਤੀ ਦੂਤਾਵਾਸ ਵਿਖੇ ਉਨ੍ਹਾਂ ਦਾ ਵਿਸ਼ੇਸ਼ ਸੁਆਗਤ ਕੀਤਾ ਗਿਆ। ਵਾਸ਼ਿੰਗਟਨ ਵਿੱਚ ਭਾਰਤੀ ਦੂਤਾਵਾਸ ਵਿੱਚ ਹੋਏ ਇਸ ਸਮਾਗਮ ਵਿੱਚ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਾਨ, ਅਮਰੀਕਾ ਦੀ ਵਣਜ ਮੰਤਰੀ ਜੀਨਾ ਰੇਮੰਡੋ ਅਤੇ ਕਈ ਸੀਈਓ ਅਤੇ ਦੋਵਾਂ ਦੇਸ਼ਾਂ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਮੁਖੀਆਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦਾ ਆਯੋਜਨ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕੀਤਾ। ਅਜੀਤ ਡੋਵਲ ਅਤੇ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਜੇਕ ਸੁਲੀਵਨ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਨਾਜ਼ੁਕ ਅਤੇ ਉਭਰ ਰਹੇ ਤਕਨਾਲੋਜੀ ਖੇਤਰਾਂ ਵਿੱਚ ਸਹਿਯੋਗ ਵਧਾਉਣ ਬਾਰੇ ਚਰਚਾ ਕੀਤੀ।


TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਪੰਜਾਬਣ ਗੁਨੀਤ ਮੋਂਗਾ ਆਸਕਰ ਐਵਾਰਡ ਲਈ ਨਾਮਜ਼ਦ



ਸੰਨੀ ਕਪੂਰ ਨਾਲ ਅਨੰਦਕਾਰਜ਼ ਸਮੇਂ ਗੁਨੀਤ



ਗੁਨੀਤ ਮੋਂਗਾ ਆਪਣੇਂ ਮਾਤਾ ਪਿਤਾ ਨਾਲ

ਲਾਸ ਐਂਜਲਸ:-ਗੁਨੀਤ ਮੋਂਗਾ ਦੀ ਪ੍ਰੋਡਿਊਸ ਕੀਤੀ ਲਘੂ ਫ਼ਿਲਮ 'ਦਿ ਐਲੀਫ਼ੈਂਟ ਵ੍ਹਿਸਪਰਜ਼' ਅੰਤਰਰਾਸ਼ਟਰੀ ਆਸਕਰ ਐਵਾਰਡ ਲਈ ਨਾਮਜ਼ਦ ਹੋਈ ਹੈ। ਜੇਤੂ ਫ਼ਿਲਮ ਕਿਹੜੀ ਹੋਵੇਗੀ ਇਸ ਦਾ ਐਲਾਨ 12 ਮਾਰਚ ਨੂੰ ਹੋਵੇਗਾ। ਇਸ ਫ਼ਿਲਮ ਨੇ 'ਡਾਕੂਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ ਆਸਕਰ 2023 ਲਈ ਨਾਮਜ਼ਦਗੀ ਹਾਸਲ ਕੀਤੀ ਹੈ। 'ਦਿ ਐਲੀਫ਼ੈਂਟ ਵ੍ਹਿਸਪਰਜ਼' ਫ਼ਿਲਮ 8 ਦਸੰਬਰ 2022 ਨੂੰ ਨੈੱਟਫਲਿਕਸ ਉੱਤੇ ਰਿਲੀਜ਼ ਹੋਈ ਸੀ।

ਗੁਨੀਤ ਨੇ ਲਿਖਿਆ, ''ਦਿ ਐਲੀਫ਼ੈਂਟ ਵ੍ਹਿਸਪਰਜ਼ ਭਗਤੀ ਅਤੇ ਪਿਆਰ ਲਈ ਕਵਿਤਾ ਹੈ। ਸੋਹਣੇ ਏਲੀ ਰਘੂ ਲਈ ਬਿਨਾਂ ਸ਼ਰਤ ਬਿਨਾਂ ਕਿਸੇ ਸਵਾਰਥ ਦੇ ਪਿਆਰ ਲਈ ਇੱਕ ਕਵਿਤਾ, ਜਿਸ ਨੇ ਸਾਡੇ ਇਨਸਾਨਾਂ ਵਾਂਗ ਸਾਰੀਆਂ ਭਾਵਨਾਵਾਂ ਨੂੰ ਮਹਿਸੂਸ ਕੀਤਾ ਪਰ ਦੋ ਹੀ ਲੋਕ ਉਸ ਨੂੰ ਸੁਣ ਸੁਕੇ.... ਬੋਮਨ ਅਤੇ ਬੈਲੀ।'''ਮੈਂ ਕਾਰਤਿਕੀ (ਨਿਰਦੇਸ਼ਕ) ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪਵਿੱਤਰ ਰਿਸ਼ਤੇ ਦੀ ਭਾਲ ਕੀਤੀ ਅਤੇ ਸਾਡੇ ਉੱਤੇ ਐਨੀਂ ਸ਼ੁੱਧ ਅਤੇ ਵਾਸਤਵਿਕ ਕਹਾਣੀ ਦੇ ਨਾਲ ਭਰੋਸਾ ਕੀਤਾ।'''ਇਹ ਨਾਮਜ਼ਦਗੀ ਮੇਰੇ ਕਹਾਣੀਆਂ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ ਅਤੇ ਨਾਲ ਹੀ ਉਨ੍ਹਾਂ ਲੋਕਾਂ ਲਈ ਵੀ ਜੋ ਪੂਰੀ ਤਨਦੇਹੀ ਨਾਲ ਖ਼ੁਦ ਨੂੰ ਇੱਕ ਵੱਡੇ ਦ੍ਰਿਸ਼ਟੀਕੋਣ ਪ੍ਰਤੀ ਸਮਰਪਿਤ ਕਰਦੇ ਹਨ।

ਇਹ ਮਾਸੂਮੀਅਤ ਅਤੇ ਇਮਾਨਦਾਰੀ ਹੈ ਜਿਸ ਨੇ ਇਨ੍ਹਾਂ ਸਰਹੱਦਾਂ ਨੂੰ ਪਾਰ ਕੀਤਾ ਅਤੇ 'ਦਿ ਐਲੀਫ਼ੈਂਟ ਵ੍ਹਿਸਪਰਜ਼' ਨੂੰ ਊਟੀ ਦੇ ਇੱਕ ਛੋਟੇ ਜਿਹੇ ਸ਼ਹਿਰ ਤੋਂ ਯਾਤਰਾ ਕਰਵਾਈ ਜੋ ਸਿਨੇਮਾ ਦੇ ਸਭ ਤੋਂ ਵੱਡੇ ਮੰਚ ਤੱਕ ਪਹੁੰਚੀ। ਮੇਰੀ ਪਿਆਰੀ ਟੀਮ ਸਿੱਖਿਆ - ਇਹ ਨਾਮਜ਼ਦਗੀ ਆਪਣੇ ਆਪ ਵਿੱਚ ਇੱਕ ਵੱਡਾ ਇਨਾਮ ਹੈ, ਆਓ ਉਸੇ ਵਿਸ਼ਵਾਸ ਨਾਲ ਆਖਰੀ ਛਾਲ ਮਾਰੀਏ।''ਆਸਕਰ 2023 ਲਈ 'ਦਿ ਐਲੀਫ਼ੈਂਟ ਵ੍ਹਿਸਪਰਜ਼' ਦੇ 'ਡਾਕਿਊਮੈਂਟਰੀ ਸ਼ਾਰਟ ਫ਼ਿਲਮ ਕੈਟੇਗਰੀ' ਵਿੱਚ ਨਾਮਜ਼ਦਗੀ ਤੋਂ ਬਾਅਦ ਗੁਨੀਤ ਅਤੇ ਉਨ੍ਹਾਂ ਦੀ ਟੀਮ ਨੂੰ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲਣ ਦਾ ਸਿਲਸਿਲਾ ਜਾਰੀ ਹੈ। ਇਨ੍ਹਾਂ ਵਿੱਚ ਸੰਗੀਤਕਾਰ ਏ ਆਰ ਰਹਿਮਾਨ, ਨਿਰਦੇਸ਼ਕ ਰਾਜਾਮੌਲੀ ਅਤੇ ਪ੍ਰੋਡਿਊਸਰ ਕਰਨ ਜੌਹਰ ਸ਼ਾਮਲ ਹਨ।

'ਦਿ ਐਲੀਫ਼ੈਂਟ ਵ੍ਹਿਸਪਰਜ਼' ਦੀ ਕਹਾਣੀ ਇੱਕ ਪਰਿਵਾਰ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਤਾਮਿਲਨਾਡੂ ਦੇ ਟਾਈਗਰ ਰਿਜ਼ਰਵ ਵਿੱਚ ਦੋ ਅਨਾਥ ਹਾਥੀ ਦੇ ਬੱਚਿਆਂ ਨੂੰ ਗੋਦ ਲੈਂਦਾ ਹੈ। ਭਾਰਤ ਵੱਲੋਂ 'ਦਿ ਐਲੀਫ਼ੈਂਟ ਵ੍ਹਿਸਪਰਜ਼' ਤੋਂ ਇਲਾਵਾ ਹੋਰ ਮੁਲਕਾਂ ਤੋਂ ਨਾਮਜ਼ਦ ਲਘੂ ਫ਼ਿਲਮਾਂ ਵਿੱਚ 'ਹਾਲ ਆਊਟ', 'ਹਾਓ ਡੂ ਯੂ ਮਈਅਰ ਅ ਈਅਰ', 'ਦਿ ਮਾਰਥਾ ਮਿਸ਼ੇਲ ਇਫੈਕਟ' ਅਤੇ 'ਸਟ੍ਰੇਂਜਰ ਐਟ ਦਿ ਗੇਟ' ਸ਼ਾਮਲ ਹਨ। ਗੁਨੀਤ ਦਾ ਤਾਲੁਕ ਦਿੱਲੀ ਦੇ ਇੱਕ ਪੰਜਾਬੀ ਪਰਿਵਾਰ ਨਾਲ ਹੈ। ਉਨ੍ਹਾਂ ਦੀ ਲਿੰਕਡਿਨ ਪ੍ਰੋਫ਼ਾਈਲ ਮੁਤਾਬਕ ਉਨ੍ਹਾਂ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਰਸਿਟੀ ਤੋਂ 2001 ਤੋਂ 2004 ਦਰਮਿਆਨ ਪੱਤਰਕਾਰੀ ਵਿੱਚ ਗ੍ਰੈਜੁਏਸ਼ਨ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਫ਼ਿਲਮ ਅਤੇ ਮਨੋਰੰਜਨ ਖੇਤਰ ਨਾਲ ਜੁੜੀਆਂ ਕਈ ਕੰਪਨੀਆਂ ਵਿੱਚ ਕੰਮ ਕੀਤਾ ਹੈ। ਇਨ੍ਹਾਂ ਕੰਪਨੀਆਂ ਵਿੱਚ ਏਕਤਾ ਕਪੂਰ ਦੀ ਕੰਪਨੀ ਬਾਲਾਜੀ ਮੋਸ਼ਨ ਪਿਕਚਰਜ਼, ਨਿਰਦੇਸ਼ਕ ਅਨੁਰਾਗ ਕਸ਼ਿਅਪ ਦੀ ਕੰਪਨੀ ਅਨੁਰਾਗ ਕਸ਼ਿਅਪ ਫ਼ਿਲਮਜ਼ ਪ੍ਰੋਡਕਸ਼ਨ ਵੀ ਸ਼ਾਮਲ ਹਨ। ਲਿੰਕਡਿਨ ਪ੍ਰੋਫ਼ਾਈਲ ਮੁਤਾਬਕ ਉਹ ਅਪ੍ਰੈਲ 2008 ਤੋਂ ਸਿੱਖਿਆ ਐਂਟਰਟੇਨਮੈਂਟ ਦੀ ਸੀਈਓ ਅਤੇ ਸੰਸਥਾਪਕ ਹਨ। ਗੁਨੀਤ ਮੋਂਗਾ ਦਾ ਆਪਣਾ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਹੈ। ਅਚਿਨ ਜੈਨ ਇਸ ਦੇ ਸਹਿ ਸੰਸਥਾਪਕ ਹਨ। ਦਸੰਬਰ 2022 ਵਿੱਚ ਗੁਨੀਤ ਮੋਂਗਾ ਨੇ ਸੰਨੀ ਕਪੂਰ ਨਾਲ ਵਿਆਹ ਕਰਵਾਇਆ। ਸੰਨੀ ਕਪੂਰ ਇੱਕ ਕਾਰੋਬਾਰੀ ਹਨ ਅਤੇ ਦੋਵਾਂ ਦਾ ਆਨੰਦ ਕਾਰਜ ਮੁੰਬਈ ਦੇ ਇੱਕ ਗੁਰਦੁਆਰੇ ਵਿੱਚ ਹੋਇਆ ਸੀ। ਗੁਨੀਤ ਮੋਂਗਾ ਅਤੇ ਅਚਿਨ ਜੈਨ ਦੇ ਸਾਂਝੇ ਪ੍ਰੋਡਕਸ਼ਨ ਹਾਊਸ ਸਿੱਖਿਆ ਐਂਟਰਟੇਨਮੈਂਟ ਅਧੀਨ ਕਈ ਫ਼ਿਲਮਾਂ ਚਰਚਾ ਦਾ ਵਿਸ਼ਾ ਰਹੀਆਂ ਹਨ। ਇਨ੍ਹਾਂ ਫ਼ਿਲਮਾਂ ਵਿੱਚ ਕਈ ਵੱਡੇ ਨਾਮ ਨਜ਼ਰ ਆ ਚੁੱਕੇ ਹਨ, ਜਿਨ੍ਹਾਂ ਵਿੱਚ ਇਰਫ਼ਾਨ ਖ਼ਾਨ, ਦਿਵਿਆ ਦੱਤਾ, ਵਿੱਕੀ ਕੌਸ਼ਲ, ਸਾਨੀਆ ਮਲਹੋਤਰਾ ਆਦਿ ਸ਼ਾਮਲ ਹਨ। ਇਸ ਬੈਨਰ ਹੇਠਾਂ ਕਈ ਫ਼ਿਲਮਾਂ ਦੇ ਨਾਮ ਵੀ ਮੋਹਰੀ ਹਨ ਜਿਵੇਂ... ਪਗਲੇਟ, ਦਿ ਲੰਚ ਬਾਕਸ, ਮਸਾਨ, ਪੀਰੀਅਡ..ਐਂਡ ਆਫ਼ ਸੈਂਟੇਂਸ, ਹਰਾਮਖੋਰ, ਮੌਨਸੂਨ ਸ਼ੂਟ ਆਊਟ, ਵਟ ਵਿਲ ਪੀਪਲ ਸੇਅ, ਗੈਂਗਸ ਆਫ਼ ਵਾਸੇਪੁਰ, ਜ਼ੁਬਾਨ ਆਦਿ।


AujLawZ Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323


# ਮੁਗਲਾਂ ਅਤੇ ਗੋਰਿਆ ਦੇ ਨਾਮ ਹਟਾ ਦੇਵਾਂਗੇ: ਭਾਜਪਾ ਨੇਤਾ



ਕੋਲਕਾਤਾ- ਭਾਜਪਾ ਨੇਤਾ ਅਤੇ ਪੱਛਮੀ ਬੰਗਾਲ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਕਿਹਾ ਹੈ ਕਿ ਮੁਗਲਾਂ ਦੇ ਨਾਂ 'ਤੇ ਰੱਖੇ ਗਏ ਸਥਾਨਾਂ ਦੀ ਪਛਾਣ ਕਰਕੇ ਉਨ੍ਹਾਂ ਦੇਨਾਂ ਬਦਲ ਦੇਣੇਂ ਚਾਹੀਦੇ ਹਨ।

ਭਾਜਪਾ ਨੇਤਾ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ, ਜਦੋਂ ਦਿੱਲੀ ਦੇ ਰਾਸ਼ਟਰਪਤੀ ਭਵਨ (ਰਾਸ਼ਟਰਪਤੀ ਭਵਨ) ਸਮੇਤ ਮੁਗਲ ਗਾਰਡਨ ਦੇ ਬਗੀਚਿਆਂ ਦਾ ਨਾਂ 'ਅੰਮ੍ਰਿਤ ਉਡਾਨ' ਰੱਖਿਆ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਮੁਗਲਾਂ ਦੇ ਨਾਂ 'ਤੇ ਰੱਖੇ ਗਏ ਸਾਰੇ ਸਥਾਨਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਨਾਂ ਬਦਲੇ ਜਾਣੇ ਚਾਹੀਦੇ ਹਨ।

ਉਨ੍ਹਾਂ ਨੇ ਇੱਕ ਇੰਟਰਵਿਊ ਵਿੱਚ ਕਿਹਾ, "ਜੇ ਭਾਜਪਾ ਬੰਗਾਲ ਵਿੱਚ ਸੱਤਾ ਵਿੱਚ ਆਉਂਦੀ ਹੈ ਤਾਂ ਅਸੀਂ ਇੱਕ ਹਫ਼ਤੇ ਦੇ ਅੰਦਰ ਸਾਰੇ ਬ੍ਰਿਟਿਸ਼ ਅਤੇ ਮੁਗਲ ਨਾਮ ਹਟਾ ਦੇਵਾਂਗੇ।"


T&S Transportation
Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ, ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

# ਆਜ਼ਾਦੀ ਲਈ 70 ਪ੍ਰਤੀਸ਼ਤ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨਾਲ ਬਰਾਬਰੀ ਵਾਲਾ ਸਲੂਕ ਕਦੋਂ ਹੋਵੇਗਾ?



ਸਾਰਾ ਭਾਰਤ ਅਪਣੀ ਲੋਕਤੰਤਰਿਕ ਹੋਂਦ ਦੀ ਸ਼ੁਰੂਆਤ ਵਜੋਂ ਮਨਾਉਂਦਾ ਹੈ ਜਿਸ ਵਿਚ ਲੋਕ ਅਪਣੀ ਸਰਕਾਰ ਬਣਾਉਂਦੇ ਹਨ ਤੇ ਉਨ੍ਹਾਂ ਨੂੰ ਐਸੀ ਸਰਕਾਰ ਚਲਾਉਣ ਦੀ ਜ਼ਿੰਮੇਵਾਰੀ ਦਿੰਦੇ ਹਨ ਜਿਸ ਵਿਚ ਉਹ ਭਾਰਤ ਨੂੰ ਇਕ ਆਜ਼ਾਦ, ਸਮਾਜਕ, ਧਰਮ-ਨਿਰਪੱਖ ਢਾਂਚੇ ਵਿਚ ਚਲਾਉਂਦੀ ਹੋਈ ਹਰ ਨਾਗਰਿਕ ਲਈ ਨਿਆਂ, ਆਜ਼ਾਦੀ, ਬਰਾਬਰੀ ਤੇ ਭਾਈਚਾਰਕ ਸਾਂਝ ਯਕੀਨੀ ਬਣਾ ਸਕੇ। ਪਰ ਸੰਵਿਧਾਨ ਬਣਾਉਣ ਵਾਲੀ ਕਮੇਟੀ ਦੇ ਦੋ ਸਿੱਖ ਪ੍ਰਤੀਨਿਧਾਂ ਨੇ ਸੰਵਿਧਾਨ ਵਿਚ ਸਿੱਖਾਂ ਨਾਲ ਕੀਤੇ ਵਾਅਦੇ ਦਰਜ ਕਰਨ ਦੀ ਮੰਗ ਕੀਤੀ ਜੋ ਕਿ ਪ੍ਰਵਾਨ ਨਾ ਕੀਤੀ ਗਈ ਤੇ ਰੋਸ ਵਜੋਂ ਦੋਹਾਂ ਸਿੱਖ ਪ੍ਰਤੀਨਿਧਾਂ ਨੇ ਸੰਵਿਧਾਨ ਤੇ ਦਸਤਖ਼ਤ ਕਰਨੋਂ ਨਾਂਹ ਕਰ ਦਿਤੀ।

ਉਨ੍ਹਾਂ ’ਚੋਂ ਇਕ ਸਨ ਸਪੋਕਸਮੈਨ ਦਿੱਲੀ ਦੇ ਬਾਨੀ, ਸ. ਹੁਕਮ ਸਿੰਘ ਜੋ ਪਾਰਲੀਮੈਂਟ ਦੇ ਸਪੀਕਰ ਵੀ ਬਣੇ। ਉਨ੍ਹਾਂ ਮੁਤਾਬਕ ਸੰਵਿਧਾਨ ਸਿੱਖ ਕੌਮ ਦੇ ਹੱਕਾਂ ਦੀ ਰਾਖੀ ਕਰਨ ਵਾਲਾ ਦਸਤਾਵੇਜ਼ ਨਾ ਬਣ ਸਕਿਆ ਤੇ ਉਨ੍ਹਾਂ ਨੇ ਦਸਤਖ਼ਤ ਨਾ ਕਰ ਕੇ ਇਹ ਦਰਜ ਕਰਵਾਇਆ ਕਿ ‘‘ਸਿੱਖਾਂ ਦੀ ਇਸ ਸੰਵਿਧਾਨ ਨਾਲ ਸਹਿਮਤੀ ਨਹੀਂ, ਇਸ ਬਾਰੇ ਕੋਈ ਗ਼ਲਤ-ਫ਼ਹਿਮੀ ਨਹੀਂ ਰਹਿ ਜਾਣੀ ਚਾਹੀਦੀ। ਇਸ ਸੰਵਿਧਾਨ ਵਿਚ ਏਨੀਆਂ ਚੋਰ-ਮੋਰੀਆਂ ਛੱਡ ਦਿਤੀਆਂ ਗਈਆਂ ਹਨ ਕਿ ਇਹ ਇਕ ਫ਼ਾਸ਼ੀਵਾਦੀ ਰਾਜ ਬਣ ਸਕਦਾ ਹੈ।’’ਸਿੱਖ ਆਗੂ ਮਾ. ਤਾਰਾ ਸਿੰਘ ਨੇ 1953 ਵਿਚ ਰਾਸ਼ਟਰੀ ਸਿੱਖ ਕਾਨਫ਼ਰੰਸ ’ਚ ਆਖਿਆ ਕਿ ‘‘ਅੰਗਰੇਜ਼ ਚਲਾ ਗਿਆ ਪਰ ਸਿੱਖਾਂ ਨੂੰ ਆਜ਼ਾਦੀ ਨਹੀਂ ਮਿਲੀ, ਬਸ ਮਾਲਕ ਬਦਲ ਗਏ ਹਨ। ਲੋਕਤੰਤਰ, ਧਰਮ ਨਿਰਪੱਖਤਾ, ਸਿੱਖ ਪੰਥ ਦੀ ਆਜ਼ਾਦੀ ਤੇ ਧਰਮ ਨੂੰ ਕੁਚਲਿਆ ਜਾ ਰਿਹਾ ਹੈ।’’ ਉਨ੍ਹਾਂ ਦੇ ਕਹੇ ਸ਼ਬਦ ਅੱਜ ਵੀ ਸਹੀ ਸਾਬਤ ਹੋ ਰਹੇ ਹਨ ਪਰ ਇਕਦਮ ਨਿਰਾਸ਼ ਹੋਣ ਤੋਂ ਪਹਿਲਾਂ ਯਾਦ ਰਖਣਾ ਕਿ ਅਪਣੀ ਮਾਯੂਸੀ ਦੇ ਆਲਮ ਵਿਚ ਵੀ ਉਨ੍ਹਾਂ ਨੇ ਹਾਰ ਨਹੀਂ ਸੀ ਮੰਨੀ ਤੇ ਇਸੇ ਸਿਸਟਮ ਵਿਚ ਰਹਿ ਕੇ ਹੱਕਾਂ ਅਧਿਕਾਰਾਂ ਦੀ ਆਵਾਜ਼ ਚੁੱਕਣ ਦਾ ਕੰਮ ਕਰਦੇ ਰਹੇ। ਉਹ ਮਾਯੂਸ ਤੇ ਵੱਖ ਹੋਣ ਦੀ ਗੱਲ ਕਿਉਂ ਕਰਦੇ? ਉਹ ਤਾਂ ਆਪ ਆਜ਼ਾਦੀ ਦੀ ਲੜਾਈ ਦਾ ਹਿੱਸਾ ਸਨ। ਸ. ਹੁਕਮ ਸਿੰਘ ਦੇ ਪਿੰਡ ਵਿਚ ਜਦ ਵੰਡ ਦੇ ਵਕਤ ਦੰਗੇ ਸ਼ੁਰੂ ਹੋ ਗਏ ਤਾਂ ਉਹ ਲੋਕਾਂ ਨੂੰ ਬਚਾਉਣ ਵਿਚ ਲੱਗ ਗਏ। ਉਨ੍ਹਾਂ ਆਪ ਕੁਰਬਾਨੀਆਂ ਦਿਤੀਆਂ ਤੇ ਉਹ ਇਸ ਦੇਸ਼ ਉਤੇ ਅਪਣਾ ਹੱਕ ਮੰਨਦੇ ਸਨ ਕਿਉਂਕਿ ਜੇ ਉਸ ਸਮੇਂ ਸਿੱਖ ਕਾਂਗਰਸ ਨਾਲ ਨਾ ਹੁੰਦੇ ਤਾਂ ਸ਼ਾਇਦ ਆਜ਼ਾਦੀ ਵੀ ਨਾ ਮਿਲਦੀ ਤੇ ਜੇ ਮਿਲਦੀ ਵੀ ਤਾਂ ਆਸਟ੍ਰੇਲੀਆ ਵਰਗੀ ਮਿਲਦੀ ਜੋ ਅੱਜ ਵੀ ਬ੍ਰਿਟਿਸ਼ ਰਾਜ ਅਧੀਨ ਹੈ।

ਇਸ ਸੰਪੂਰਨ ਆਜ਼ਾਦੀ ਵਾਸਤੇ ਬੜੀਆਂ ਕੁਰਬਾਨੀਆਂ ਦੀ ਲੋੜ ਸੀ (71 ਫ਼ੀ ਸਦੀ ਫਾਂਸੀਆਂ, 81 ਫ਼ੀ ਸਦੀ ਕਾਲਾ ਪਾਣੀ, 61 ਫ਼ੀ ਸਦੀ ਜਲਿਆਂਵਾਲਾ ਬਾਗ਼ ਦੇ ਸ਼ਹੀਦ, 59 ਫ਼ੀ ਸਦੀ ਬਜ-ਬਜ ਘਾਟ ਕਲਕੱਤਾ, ਕੂਕਾ ਮੂਵਮੈਂਟ 100 ਫ਼ੀ ਸਦੀ, ਅਕਾਲੀ ਲਹਿਰ 100 ਫ਼ੀ ਸਦੀ। ਆਜ਼ਾਦੀ ਵਾਸਤੇ ਸੱਭ ਤੋਂ ਵੱਧ ਸ਼ਹੀਦੀਆਂ ਸਿੱਖਾਂ ਨੇ ਦਿਤੀਆਂ) ਗਿਣਤੀ ਵਜੋਂ 1.9 ਫ਼ੀ ਸਦੀ ਹੋਣ ਵਾਲੀ ਕੌਮ ਨੇ 70 ਫ਼ੀ ਸਦੀ ਸ਼ਹਾਦਤਾਂ ਖ਼ੁਸ਼ੀ-ਖ਼ੁਸ਼ੀ ਦਿਤੀਆਂ ਕਿਉਂਕਿ ਇਹ ਦੇਸ਼ ਸਿੱਖਾਂ ਦਾ ਵੀ ਹੈ।

ਪਰ ਜਿਵੇਂ ਸ. ਹੁਕਮ ਸਿੰਘ ਤੇ ਮਾ. ਤਾਰਾ ਸਿੰਘ ਨੇ ਆਖਿਆ ਕਿ ਸਿੱਖਾਂ ਨਾਲ ਵਾਰ-ਵਾਰ ਨਾਇਨਸਾਫ਼ੀ ਹੋਈ ਹੈ, ਅੱਜ ਵੀ ਕੇਂਦਰ ਵਾਰ-ਵਾਰ ਜਤਾਉਂਦਾ ਹੈ ਕਿ ਉਹ ਸਿੱਖਾਂ ਦੇ ਨਾਲ ਹੈ ਪਰ ਪਿਛਲੇ 8 ਸਾਲਾਂ ਤੋਂ ਲਗਾਤਾਰ ਉਹ ਪ੍ਰੋ. ਭੁੱਲਰ ਨੂੰ ਜੇਲ ਤੋਂ ਰਿਹਾਅ ਕਰਨ ਤੋਂ ਨਾਂਹ ਕਹਿੰਦਾ ਆ ਰਿਹਾ ਹੈ। ਸਜ਼ਾ ਪੂਰੀ ਨਹੀਂ ਬਲਕਿ ਦੂਗਣੀ ਪੂਰੀ ਕਰਨ ਤੋਂ ਬਾਅਦ ਵੀ ਸਿੱਖ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੀ ਗੱਲ ਕਰਨ ਤੋਂ ਮੂੰਹ ਫੇਰ ਲਿਆ ਜਾਂਦਾ ਹੈ।

ਪੰਜਾਬ ਦੇ ਪਾਣੀਆਂ ਉਤੋਂ ਪੰਜਾਬ ਦਾ ਹੱਕ ਖੋਹ ਲੈਣਾ, ਸਿੱਖ ਕੌਮ ਦੇ ਘਰ ਨੂੰ ਤਬਾਹੀ ਵਲ ਲਿਜਾਣਾ ਹੈ। ਅੱਜ ਜਦ ਇਕ ਆਮ ਸਿੱਖ ਅਪਣੇ ਹੱਕਾਂ ਤੋਂ ਵਾਂਝਾ ਹੋ ਰਿਹਾ ਹੈ, ਕੁੱਝ ਅਮੀਰ-ਤਾਕਤਵਰ ਸਿੱਖਾਂ ਨੂੰ ਨਾਲ ਖੜਾ ਕਰਨ ਦਾ ਮਤਲਬ ਉਹੀ ਹੈ ਜੋ ਮਾ. ਤਾਰਾ ਸਿੰਘ ਨੇ ਆਖਿਆ ਸੀ, ‘‘ਲੋਕਤੰਤਰ ਦੀ ਆੜ ਵਿਚ.....।’’

ਸਿੱਖ ਕੌਮ ਦੇ ਸੱਭ ਤੋਂ ਵੱਡੇ ਦੁਸ਼ਮਣ ਸਾਬਤ ਹੋਏ ਸਿੱਖ ਆਗੂ ਜੋ ਪੰਜਾਬੀ ਸੂਬਾ ਬਣਨ ਉਪ੍ਰੰਤ ਸੱਤਾ ਵਿਚ ਆ ਗਏ ਤੇ ਜੋ ਸਿਰਫ਼ ਅਪਣੇ ਨਿਜੀ ਲਾਲਚਾਂ ਅਤੇ ਗ਼ਰਜ਼ਾਂ ਪੂਰੀਆਂ ਕਰਨ ਖ਼ਾਤਰ ਪੰਜਾਬ ਦੇ ਸਿੱਖਾਂ ਦੇ ਹੱਕਾਂ ਨੂੰ ਕੇਂਦਰ ਅੱਗੇ ਵੇਚਦੇ ਰਹੇ।

ਪਰ ਜੇ ਪ੍ਰੇਰਿਤ ਹੋਣਾ ਹੈ ਤਾਂ ਉਨ੍ਹਾਂ ਤੋਂ ਹੀ ਹੋਣਾ ਜਿਨ੍ਹਾਂ ਨੇ ਹਾਰ ਨਾ ਮੰਨੀ ਤੇ ਉੱਚੇ ਅਹੁਦਿਆਂ ’ਤੇ ਬੈਠ ਕੇ ਵੀ ਪੰਜਾਬ ਦੇ ਹੱਕਾਂ ਲਈ ਲੜਾਈ ਲੜਦੇ ਰਹੇ।

ਦੇਸ਼ ਸਿੱਖਾਂ ਦਾ ਹੈ ਤੇ ਰਹੇਗਾ ਪਰ ਅਪਣੇ ਆਗੂ ਬਦਲਣ ਦੀ ਲੋੜ ਹੈ।

**-- ਨਿਮਰਤ ਕੌਰ**


So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ




- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ

ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ
LUCKY'S A to Z DRIVING SCHOOL
Lucky 604-614-5365
Unit 15 - 8388 128 St., Surrey



ATLAS
ANIMAL HOSPITAL
Open 24 Hours 7 Days a Week


- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਖ਼ਾਲਸਾਈ ਸ਼ਾਨ ਨਾ.ਲ ਮਨਾਇਆ ਸ਼ਹੀਦ ਭਾਈ ਹਰਮੀਤ ਸਿੰਘ ਪੀ.ਐੱਚ.ਡੀ. ਦਾ ਤੀਸਰਾ ਸ਼ਹੀਦੀ ਦਿਹਾੜਾ

## ਖ਼ਾਲਿਸਤਾਨ ਨੂੰ ਬਣਨ ਤੋਂ ਕੋਈ ਨਹੀਂ ਰੋਕ ਸਕਦਾ:ਸਰਬਜੀਤ ਸਿੰਘ ਘੁਮਾਣ/ਰਣਜੀਤ ਸਿੰਘ ਟਕਸਾਲੀ

ਅੰਮ੍ਰਿਤਸਰ,: ਪੰਥਕ ਜਥੇਬੰਦੀ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਮੁਖੀ ਜਥੇਦਾਰ ਸ਼ਹੀਦ ਭਾਈ ਹਰਮੀਤ ਸਿੰਘ ਹੈਪੀ ਪੀ ਐੱਚ ਡੀ ਦਾ ਤੀਸਰਾ ਸ਼ਹੀਦੀ ਦਿਹਾੜਾ ਖ਼ਾਲਸਾਈ ਸ਼ਾਨੋ ਸ਼ੌਕਤ ਦੇ ਨਾਲ ਸ੍ਰੀ ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ ਦੇ ਗੁਰਦੁਆਰਾ ਗੁਰੂ ਰਾਮ ਦਾਸ ਸੇਵਕ ਸਭਾ ਵਿਖੇ ਬੜੇ ਉਤਸ਼ਾਹ ਤੇ ਸਤਿਕਾਰ ਸਹਿਤ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧੁਰ ਕੀ ਬਾਣੀ ਦਾ ਕੀਰਤਨ ਅਤੇ ਕਥਾ ਵਿਚਾਰਾਂ ਹੋਈਆਂ ਤੇ ਪੰਥ ਪ੍ਰਸਿੱਧ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਤੇ ਨਾਮਵਰ ਢਾਡੀ ਜਥਾ ਭਾਈ ਸੁਖਦੇਵ ਸਿੰਘ ਬੂਹ ਨੇ ਜੋਸ਼ੀਲੀਆਂ ਵਾਰਾਂ ਰਾਹੀਂ ਸੰਗਤਾਂ ਨੂੰ ਸ਼ਹੀਦਾਂ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਖ਼ਾਲਿਸਤਾਨੀ ਚਿੰਤਕ ਅਤੇ ਪੰਥਕ ਲੇਖਕ ਭਾਈ ਸਰਬਜੀਤ ਸਿੰਘ ਘੁਮਾਣ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਖ਼ਾਲਸਾ ਫ਼ਤਹਿਨਾਮਾ ਦੇ ਮੁੱਖ ਸੰਪਾਦਕ ਭਾਈ ਰਣਜੀਤ ਸਿੰਘ, ਪੰਥਕ ਆਗੂ ਭਾਈ ਭੁਪਿੰਦਰ ਸਿੰਘ ਛੇ ਜੂਨ, ਭਾਈ ਹਰਪ੍ਰਤਾਪ ਸਿੰਘ ਖ਼ਾਲਸਾ, ਭਾਈ ਭੁਪਿੰਦਰ ਸਿੰਘ ਸੱਜਣ ਅਤੇ ਭਾਈ ਲਖਵਿੰਦਰ ਸਿੰਘ ਅਮਰੀਕਾ ਨੇ ਸਿੱਖ ਸੰਘਰਸ਼ ਸਬੰਧੀ ਵਿਚਾਰਾਂ ਦੀ ਸਾਂਝ ਪਾਉਂਦਿਆਂ ਸ਼ਹੀਦ ਭਾਈ ਹਰਮੀਤ ਸਿੰਘ ਪੀ ਐੱਚ ਡੀ ਨੂੰ ਸ਼ਰਧਾਂਜਲੀ ਅਰਪਣ ਕੀਤੀ। ਭਾਈ ਸਰਬਜੀਤ ਸਿੰਘ ਘੁਮਾਣ ਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਖ਼ਾਲਿਸਤਾਨ ਨੂੰ ਬਣਨ ਤੋਂ ਕੋਈ ਰੋਕ ਨਹੀਂ ਸਕਦਾ, ਅਸੀਂ ਆਪਣੇ ਸ਼ਹੀਦਾਂ ਦਾ ਸੁਪਨਾ ਅਵੱਸ਼ ਸਾਕਾਰ ਕਰਾਂਗੇ। ਉਹਨਾਂ ਬੋਲਦਿਆਂ ਕਿਹਾ ਕਿ ਖ਼ਾਲਿਸਤਾਨ ਦੀ ਆਜ਼ਾਦੀ ਦੀ ਜੰਗ ਵਿੱਚ ਸ਼ਹੀਦ ਜਥੇਦਾਰ ਭਾਈ ਹਰਮੀਤ ਸਿੰਘ ਪੀ ਐੱਚ ਡੀ ਦਾ ਨਾਂ ਹਮੇਸ਼ਾਂ ਚਮਕਦਾ ਰਹੇਗਾ, ਜਿਹੜੇ ਨੌਜਵਾਨ ਪੰਥਕ ਸੰਘਰਸ਼ ਵਿੱਚ ਪੈਰ ਪਾਉਣਗੇ ਉਹ ਇਸ ਗੁਰਸਿੱਖ ਯੋਧੇ ਦੀ ਕੁਰਬਾਨੀ, ਸਹਿਜ, ਸਮਝ ਅਤੇ ਦ੍ਰਿੜ੍ਹਤਾ ਨੂੰ ਸਤਿਕਾਰ ਤੇ ਪਿਆਰ ਨਾਲ ਸੀਸ ਝੁਕਾਉਣਗੇ। ਪਿਛਲੇ ਦਹਾਕੇ ਵਿੱਚ ਜਥੇਦਾਰ ਹਰਮੀਤ ਸਿੰਘ ਨੇ ਮੁੜ ਖ਼ਾਲਿਸਤਾਨ ਦੀ ਆਜ਼ਾਦੀ ਦਾ ਹਥਿਆਰਬੰਦ ਸੰਘਰਸ਼ ਖ਼ਾਲਸਈ ਰੂਪ ਵਿੱਚ ਅਤੇ ਗੁਰ ਸਿਧਾਂਤ ਮੁਤਾਬਕ ਜੂਝ ਕੇ ਦਿਖਾਇਆ ਤੇ ਖ਼ਾਲਸਾ ਪੰਥ ਦੀ ਆਉਣ ਵਾਲੀਆਂ ਨਸਲਾਂ ਲਈ ਇੱਕ ਸੁਨਹਿਰਾ ਇਤਿਹਾਸ ਰਚਿਆ ਅਤੇ ਉਹ ਆਪਣਾ ਕਾਰੋਬਾਰ, ਪੜ੍ਹਾਈ, ਪਰਿਵਾਰ, ਸਭ ਕੁਝ ਛੱਡ ਕੇ ਕੌਮ ਲਈ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਸ਼ਹੀਦ ਹੋਏ। ਉਹਨਾਂ ਕਿਹਾ ਕਿ ਭਾਈ ਹਰਮੀਤ ਸਿੰਘ 2008 ਵਿੱਚ ਘਰ ਛੱਡਣ ਮਗਰੋਂ ਪਿੱਛੇ ਨਹੀਂ ਮੁੜੇ ਤੇ 27 ਜਨਵਰੀ 2020 ਵਾਲੇ ਦਿਨ ਉਹਨਾਂ ਨੂੰ ਬੇਬੇ ਨਾਨਕੀ ਜੀ ਦੇ ਜਨਮ ਅਸਥਾਨ ਗੁਰਦੁਆਰਾ ਡੇਰਾ ਚਾਹਲ ਲਾਹੌਰ (ਪਾਕਿਸਤਾਨ) ਵਿਖੇ ਭਾਰਤੀ ਏਜੰਸੀਆਂ ਦੇ ਏਜੰਟਾਂ ਨੇ ਅਚਾਨਕ ਹਮਲਾ ਕਰਕੇ ਸ਼ਹੀਦ ਕਰ ਦਿੱਤਾ ਸੀ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸ਼ਹੀਦ ਭਾਈ ਹਰਮੀਤ ਸਿੰਘ ਦੇ ਪਿਤਾ ਸਰਦਾਰ ਅਵਤਾਰ ਸਿੰਘ ਅਤੇ ਮਾਤਾ ਬੀਬੀ ਖ਼ੁਸ਼ਬੀਰ ਕੌਰ ਨੂੰ ਸਿਰਪਾਉ ਅਤੇ ਮੋਮੈਂਟੋ ਦਿੰਦਿਆਂ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਇਲਾਵਾ 1980 ਤੇ 90 ਦੇ ਦਹਾਕੇ ਵਿੱਚ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ 35 ਦੇ ਕਰੀਬ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਤੇ ਗੁਰੂ ਨਾਨਕ ਏਡ ਵੱਲੋਂ ਮਾਇਕੀ ਸਹਾਇਤਾ, ਕੰਬਲ ਅਤੇ ਸ਼ੀਲਡਾਂ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਮਨਪ੍ਰੀਤ ਸਿੰਘ ਮੰਨਾ, ਹਰਪ੍ਰੀਤ ਸਿੰਘ ਬੰਟੀ, ਬੀਬੀ ਕੁਲਵਿੰਦਰ ਕੌਰ ਤੁਗਲਾਵਾਲ, ਬੀਬੀ ਜਸਮੀਤ ਕੌਰ ਛੀਨਾ, ਬੀਬੀ ਸੁਰਜੀਤ ਕੌਰ, ਬੀਬੀ ਸੁਖਰਾਜ ਕੌਰ ਕੋਟਲੀ, ਜਸਕਰਨ ਸਿੰਘ ਪੰਡੋਰੀ, ਸੁਖਵਿੰਦਰ ਸਿੰਘ ਨਿਜ਼ਾਮਪੁਰ, ਹਰਵਿੰਦਰ ਸਿੰਘ ਹੈਰੀ, ਗੁਰਭੇਜ ਸਿੰਘ ਹਰੀਕੇ ਆਦਿ ਹਾਜ਼ਰ ਸਨ।



## ‘ਪ੍ਰਧਾਨ ਮੰਤਰੀ ਕੇਅਰਜ਼ ਫ਼ੰਡ’ ਕੋਈ ਸਰਕਾਰੀ ਫੰਡ ਨਹੀਂ:ਕੇਂਦਰ




ਨਵੀਂ ਦਿੱਲੀ – ‘ਪ੍ਰਧਾਨ ਮੰਤਰੀ ਕੇਅਰਜ਼ ਫ਼ੰਡ’ ਕੋਈ ਸਰਕਾਰੀ ਫੰਡ ਨਹੀਂ ਹੈ ਕਿਉਂਕਿ ਇਸ ਨੂੰ ਦਿੱਤਾ ਗਿਆ ਦਾਨ ਭਾਰਤ ਦੀ ‘ਸੰਚਿਤ ਨਿਧੀ’ ਵਿੱਚ ਨਹੀਂ ਜਾਂਦਾ, ਅਤੇ ਸੰਵਿਧਾਨ ਅਤੇ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਕਨੂੰਨ ਤਹਿਤ ਇਸ ਦੀ ਸਥਿਤੀ ਭਾਵੇਂ ਕੁਝ ਵੀ ਹੋਵੇ, ਤੀਜੀ ਧਿਰ ਦੀ ਜਾਣਕਾਰੀ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ ਹੈ।ਇਹ ਜਾਣਕਾਰੀ ਦਿੱਲੀ ਹਾਈ ਕੋਰਟ ਨੂੰ ਦਿੱਤੀ ਗਈ।ਪ੍ਰਧਾਨ ਮੰਤਰੀ ਦਫ਼ਤਰ ਵਿੱਚ ਇੱਕ ਸਕੱਤਰ ਦੁਆਰਾ ਦਾਇਰ ਇੱਕ ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਟਰੱਸਟ ਪਾਰਦਰਸ਼ਤਾ ਨਾਲ ਕੰਮ ਕਰਦਾ ਹੈ, ਅਤੇ ਇਸ ਦੇ ਫੰਡਾਂ ਦਾ ਆਡਿਟ ਇੱਕ ਆਡੀਟਰ ਦੁਆਰਾ ਕੀਤਾ ਜਾਂਦਾ ਹੈ। ਇਹ ਆਡੀਟਰ ਇੱਕ ਚਾਰਟਰਡ ਅਕਾਊਂਟੈਂਟ ਹੁੰਦਾ ਹੈ, ਜਿਸ ਨੂੰ ਭਾਰਤ ਦੇ ਕੰਟਰੋਲਰ ਅਤੇ ਆਡੀਟਰ ਜਨਰਲ ਦੁਆਰਾ ਤਿਆਰ ਕੀਤੇ ਪੈਨਲ ਵਿੱਚੋਂ ਚੁਣਿਆ ਜਾਂਦਾ ਹੈ।ਹਲਫ਼ਨਾਮੇ ਵਿੱਚ ਦਲੀਲ ਦਿੱਤੀ ਗਈ ਹੈ ਕਿ ਸੰਵਿਧਾਨ ਅਤੇ ਆਰ.ਟੀ.ਆਈ. ਐਕਟ ਤਹਿਤ, ਪ੍ਰਧਾਨ ਮੰਤਰੀ ਦੇ ਨਾਗਰਿਕ ਸਹਾਇਤਾ ਅਤੇ ਐਮਰਜੈਂਸੀ ਸਥਿਤੀ ਫੰਡ ਦੀ ਸਥਿਤੀ ਜੋ ਵੀ ਹੋਵੇ, ਪਰ ਤੀਜੀ ਧਿਰ ਦੀ ਜਾਣਕਾਰੀ ਦੇ ਖੁਲਾਸੇ ਦੀ ਇਜਾਜ਼ਤ ਨਹੀਂ ਹੈ।

## ਭਾਜਪਾ ਨਾਲ ਹੱਥ ਮਿਲਾਉਣ ਦੀ ਬਜਾਏ ਮਰਨਾ ਪਸੰਦ ਕਰਾਂਗਾ:ਨਿਤੀਸ਼

ਪਟਨਾ– ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਾਜਪਾ ਨਾਲ ਫਿਰ ਤੋਂ ਗਠਜੋੜ ਦੀ ਸੰਭਾਵਨਾ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਬਕਾ ਸਹਿਯੋਗੀ ਦਲ ਨਾਲ ਹੱਥ ਮਿਲਾਉਣ ਦੀ ਬਜਾਏ ਮਰਨਾ ਪਸੰਦ ਕਰਨਗੇ। ਜਨਤਾ ਦਲ (ਯੂਨਾਈਟੇਡ) ਦੇ ਆਗੂ ਨਿਤੀਸ਼ ਨੇ ਭਾਜਪਾ ਨੂੰ ਇਹ ਵੀ ਯਾਦ ਦਿਵਾਇਆ ਕਿ ਗਠਜੋੜ ‘ਚ ਰਹਿੰਦੇ ਹੋਏ ਉਸ ਨੂੰ ਮੁਸਲਮਾਨਾਂ ਸਮੇਤ ਉਨ੍ਹਾਂ ਦੇ ਸਾਰੇ ਸਮਰਥਕਾਂ ਦੇ ਵੋਟ ਮਿਲਦੇ ਸਨ, ਜੋ ਭਾਜਪਾ ਦੀ ਹਿੰਦੂਤਵ ਦੀ ਵਿਚਾਰਧਾਰਾ ਨੂੰ ਲੈ ਕੇ ਹਮੇਸ਼ਾ ਚੌਕਸ ਰਹੇ ਹਨ।


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:

> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

# T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**3 ਫਰਵਰੀ ਦਿਨ ਸ਼ੁੱਕਰਵਾਰ**

ਆਰੰਭ 4 ਸ੍ਰੀ ਅਖੰਡ ਪਾਠ ਸਾਹਿਬ

1. ਅਖੰਡ ਪਾਠ ਸਾਹਿਬ ਦੀ ਸੇਵਾ ਪਿੰਡ ਸੰਧਵਾਂ ਫਰਾਲਾ ਵੀ ਸੰਗਤਾਂ ਵੱਲੋਂ
2. ਅਖੰਡ ਪਾਠ ਸਾਹਿਬ ਪਰਮਜੀਤ ਸਿੰਘ s/o ਰਘਵੀਰ ਸਿੰਘ ਪ੍ਰਧਾਨ
3. ਅਖੰਡ ਪਾਠ ਸਾਹਿਬ ਸਤਿੰਦਰ ਸਿੰਘ ਨਿੱਝਰ ਪਰਿਵਾਰ ਵੱਲੋਂ
4. ਅਖੰਡ ਪਾਠ ਸਾਹਿਬ ਬੀਬੀ ਭਾਨੀ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮੂਹ ਸੰਗਤ ਵੱਲੋਂ

*ਸ਼ਾਮ 6 ਵਜੇ ਸ. ਜਸਵੰਤ ਸਿੰਘ ਬਸਰਾ ਪਰਿਵਾਰ ਵੱਲੋਂ ਪਾਸਤਾ ਲੰਗਰ ਦੀ ਸੇਵਾ

**4 ਫਰਵਰੀ ਦਿਨ ਸ਼ਨਿਚਰਵਾਰ**

*ਦਾਹ ਸਸਕਾਰ ਮਾਤਾ ਬਲਜੀਤ ਕੌਰ ਸਵੇਰੇ 10 ਵਜੇ ਰਿਵਰਸਾਈਡ ਵਿਖੇ, ਗੁਰਦੁਆਰਾ ਸਾਹਿਬ ਵਿਖੇ ਸਵੇਰੇ 11.30 ਵਜੇ ਸਹਿਜ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਦਾਹ ਸਸਕਾਰ ਸ. ਨਿਰਮਲ ਸਿੰਘ 2 ਵਜੇ ਰਿਵਰਸਾਈਡ ਵਿਖੇ, ਗੁਰਦੁਆਰਾ ਸਾਹਿਬ ਵਿਖੇ ਸ਼ਾਮ 3.30 ਵਜੇ ਸਹਿਜ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਦਾਹ ਸਸਕਾਰ ਸ. ਕਸ਼ਮੀਰ ਸਿੰਘ 3 ਵਜੇ ਰਿਵਰਸਾਈਡ ਵਿਖੇ, ਗੁਰਦੁਆਰਾ ਸਾਹਿਬ ਵਿਖੇ ਸ਼ਾਮ 4.30 ਵਜੇ ਸਹਿਜ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਸ਼ਾਮ 4 ਵਜੇ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਨੀਲਮ ਕੌਰ ਅਤੇ ਪਰਿਵਾਰ ਵੱਲੋਂ

**ਐਤਵਾਰ 5 ਫਰਵਰੀ**

*ਸਵੇਰੇ 8.30 ਵਜੇ ਭੋਗ 4 ਸ੍ਰੀ ਅਖੰਡ ਪਾਠ ਸਾਹਿਬ

*11 ਵਜੇ ਭੋਗ ਸਹਿਜਪਾਠ ਸਾਹਿਬ ਅਤੇ ਲੰਗਰਾਂ ਦੀ ਸੇਵਾ ਜਿੰਦਰਪਾਲ ਸਿੰਘ ਪਰਿਵਾਰ ਵਲੋਂ

*11 ਵਜੇ ਪਾਠ ਸੁਖਮਨੀ ਸਾਹਿਬ ਲੰਗਰ ਸੇਵਾ:ਮਨਜਿਦਰ ਸਿੰਘ ਧਾਲੀਵਾਲ ਪਰਿਵਾਰ ਵੱਲੋਂ

*12 ਵਜੇ ਪਾਠ ਸੁਖਮਨੀ ਸਾਹਿਬ ਲੰਗਰ ਸੇਵਾ:ਪਰਮਵੀਰ ਸਿੰਘ ਪਰਿਵਾਰ ਵੱਲੋਂ

## ਐਤਵਾਰ 5 ਫਰਵਰੀ ਸਾਰੇ ਦਿਨ ਦੇ ਦੀਵਾਨ ਨਕੋਦਰ ਸਾਕੇ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਤ ਹਨ







## ਬੱਚਿਆਂ ਦਾ ਵਿਸ਼ੇਸ਼ ਪ੍ਰੋਗਰਾਮ
## ਬਸੰਤ ਰਾਗ ਤੇ ਅਧਾਰਿਤ
## ਕੀਰਤਨ ਦਰਬਾਰ



19 ਫਰਵਰੀ ਦਿਨ ਐਤਵਾਰ
ਸ਼ਾਮ 5:30 ਵਜੇ 9 ਵਜੇ ਤਕ



**ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।**

**ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ**

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਜਸਪ੍ਰੀਤ ਸਿੰਘ ਜੀ, ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
ਰਾਗੀ ਜਥਾ ਭਾਈ ਵਿਕਰਮਜੀਤ ਸਿੰਘ (ਸ੍ਰੀ ਦਰਬਾਰ ਸਾਹਿਬ ਵਾਲੇ)

## ਕਥਾਵਾਚਕ

ਭਾਈ ਗੁਰਪ੍ਰੀਤ ਸਿੰਘ (ਦਮਦਮੀ ਟਕਸਾਲ ਵਾਲੇ)

## ਢਾਡੀ ਜਥਾ

ਭਾਈ ਜਸਵਿੰਦਰ ਸਿੰਘ ਸ਼ਾਂਤ ਜੀ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA (VANCOUVER)

7271 Gilley Avenue, Burnaby, BC V5J 4W9 | Tel: 604 435 9997 | Fax: 604 435 7771
Email: info@gururavidasssabha.org | www.gururavidasssabha.org

## Invitaion to the 646th Birth Anniversary of Shri Guru Ravidass Ji

### ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ

ਸ਼੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।
ਗੁਰੂ ਪਿਆਰੀ ਸਾਧ ਸੰਗਤ ਜੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 05 ਫਰਵਰੀ 2023 ਦਿਨ ਐਤਵਾਰ ਨੂੰ ਹੈ! ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਲੋਂ 3,4,5 ਫਰਵਰੀ 2023 ਨੂੰ ਅਵਤਾਰ ਪੁਰਬ ਮਨਾਇਆ ਜਾਵੇਗਾ!
ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਹਾਜ਼ਰੀ ਲਗਾਓ ਅਤੇ ਸੇਵਾ ਵਿਚ ਹੱਥ ਵਟਾਓ!

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 03 ਫਰਵਰੀ 2023 ਸਵੇਰ ਸ਼ੁੱਕਰਵਾਰ 10:00 ਵਜੇ ਨਿਸ਼ਾਨ ਸਾਹਿਬ ਸੇਵਾ 04 ਫਰਵਰੀ 2023 ਸਵੇਰ ਸ਼ਨਿਚਰਵਾਰ 12:00 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ 05 ਫਰਵਰੀ 2023 ਸਵੇਰ ਐਤਵਾਰ 10:00 ਵਜੇ

### ਵਿਸ਼ੇਸ਼ ਕੀਰਤਨ ਦਰਬਾਰ

03 ਫਰਵਰੀ ਸ਼ੁੱਕਰਵਾਰ ਸ਼ਾਮ 6:30 ਵਜੇ    04:ਫਰਵਰੀ ਸ਼ਨਿੱਚਰਵਾਰ ਸ਼ਾਮ 6:30 ਵਜੇ

### ਨਿਸ਼ਾਨ ਸਾਹਿਬ, ਗੁਰੂ ਕੇ ਲੰਗਰ ਅਤੇ ਦੇਗ ਦੀ ਸੇਵਾ

ਸ਼ਨਿਚਰਵਾਰ 04 ਫਰਵਰੀ 2023 ਵਾਲੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ 12:00 ਵਜੇ, ਵਿਛਾਈ ਅਤੇ ਰੁਮਾਲਾ ਸਾਹਿਬ ਜੀ ਦੀ ਸੇਵਾ ਗੁਰੂਘਰ ਦੇ ਸ਼ਰਧਾਲੂ ਸ਼੍ਰੀਮਾਨ ਬਿਮਲ ਬੈਂਸ ਅਤੇ ਸ਼੍ਰੀਮਤੀ ਬਲਬੀਰੋ ਬੈਂਸ ਅਤੇ ਸ਼੍ਰੀਮਾਨ ਸ਼ਿੰਗਾਰਾ ਰਾਮ ਔਜਲਾ ਅਤੇ ਸ਼੍ਰੀਮਤੀ ਮਧੂ ਔਜਲਾ ਵਲੋਂ ਕੀਤੀ ਜਾਵੇਗੀ। ਤਿੰਨੇ ਦਿਨ ਦੇਗਾਂ ਦੀ ਸੇਵਾ ਦੋਹਾਂ ਪਰਿਵਾਰਾਂ ਵਲੋਂ ਕੀਤੀ ਜਾਵੇਗੀ

ਇਸ ਅਵਤਾਰ ਪੁਰਬ ਦੇ ਮੌਕੇ ਤੇ ਸਨੀ ਬਘਰਾਲ, ਪਰਮਿੰਦਰ ਸਿੰਘ ਭੱਟੀ, ਪਰਦੀਪ ਸੰਧੂ ਅਤੇ ਅਜੇ ਬਿਰਹਾਂ ਵਲੋਂ ਸਮੁੱਚੇ ਵਿਦਿਆਰਥੀਆਂ ਦੀ ਤੰਦਰੁਸਤੀ ਵਾਸਤੇ ਤਿੰਨੇ ਦਿਨ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ।

### ਭੋਗ ਸ੍ਰੀ ਅਖੰਡ ਪਾਠ ਸਾਹਿਬ

05 ਫਰਵਰੀ 2023 ਐਤਵਾਰ ਸਵੇਰ 10:00 ਵਜੇ ਭੋਗ ਪਾਏ ਜਾਣਗੇ

ਭੋਗ ਉਪਰੰਤ ਗੁਣੀ-ਗਿਆਨੀ (ਕੀਰਤਨੀ ਅਤੇ ਢਾਡੀ ਜਥੇ) ਅਤੇ ਅਨੇਕਾ ਕਲਾਕਾਰ ਗੁਰੂ ਰਵਿਦਾਸ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ ਅਤੇ ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਆਪ ਸਭ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਤਿੰਨੇ ਦਿਨ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਸੇਵਾ ਵਿੱਚ ਹੱਥ ਵਟਾ ਕੇ ਜੀਵਨ ਸਫਲ ਕਰੋ ਜੀ।

Gurpurav Shri Guru Ravidass ji Feb. 5th will be Celebration on Feb. 3,4,5 2023
Arambh Shri Akhand Path Sahib Ji. 10:00 am Friday Feb. 3rd, 2023
Nishan Sahib Seva Sat. Feb. 4th, 2023 at 12:00
& 3 Days Deg Seva ( From Bains & Aujla Family)

Bhog Shri Akhand Path Sahib Ji.......Sunday 5th, Feb. 10:00am
GURU KA LANGAR, 3,4,5 Feb. 2023
From: Sunny Baghral, Parminder Singh Bhatti, Pardeep Sandhu & Ajay Birhan
Kirtan Seva from ( Kirtani Jatha & Dhadi Jatha) & Singers



ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥1॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥2॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ

## MANAGING COMMITTEE

**President**
BILL BASRA 604-725-4048
*Vice Presidents:*
*HUKAM CHAND 604-364-7890*
*2nd Vice Presidents:*
*PARMJIT S. KAINTH 604-773-9393*

**General Secretary**
GURMUKH SINGH SIDHU
778-898-6813
*Assistant Secretary:*
*ARONJIT LAGERI 778-251-2138*

**Treasurer**
HARBHAJAN LAL MAHEY
604-724-5333
*Assistant Treasurer:*
*RAJKUMAR BANGER 778-227-2459*

**BOARD OF DIRECTORS:**
*Harvinder Lalli*
*Parmjeet Saroya*
*Surinder Kalsi*
*Santokh Ram Jassal*
*Rajesh Kumar Toora*
*Balmukand Singh*

**BOARD OF TRUSTEES**
*Gurbaksh Singh Dhanda*
*Harjinder Singh Sahni*
*Sudarshan Kumar Ardhawa*
*Makhan Ram Chamba*
*Shingara Ram Aujla*
*Piara Singh Hira*
*Prem Nath Mall*

# .Ck Auto.

## CK AUTO SERVICES LTD.

SALE BUY 4 TIRES & GET ALLIGNMENT AT 1/2 PRICE FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale *Limited Quantity

On All Seasons & Winter Tires (Auplus & Comforser)




215/70R16 COMFORSER Reg: ~~$155.00~~ Now : $70.00



235/65R17 COMFORSER Reg: ~~$220.00~~ Now : $95.00



245/65R17 COMFORSER Reg: ~~$240.00~~ Now : $100.00



215/70R15 GOOD YEAR INTEGRITY Reg: ~~$120.00~~ Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



# NEXTRUX TRANSPORT LTD

## DRIVERS WANTED/ਡਰਾਈਵਰਾਂ ਦੀ ਲੋੜ

- Driver & Owner Operators wanted
- US and Canada Wide
- Dedicated Drivers Required
- All facilities available




- ਡਰਾਈਵਰਾਂ ਅਤੇ ਓਨਰ ਉਪਰੇਟਰ ਦੀ ਲੋੜ ਹੈ
- ਓਨਰ ਉਪਰੇਟਰ ਪਰ ਮੀਲ ਅਤੇ ਰੇਵਿਨਉ ਤੇ ਕੰਮ ਕਰ ਸਕਦੇ ਹਨ
- ਪੂਰੇ ਅਮਰੀਕਾ ਅਤੇ ਕੈਨੇਡਾ ਵਿੱਚ ਕੰਮ
- ਸਾਰੀਆਂ ਸਹੂਲਤਾਂ ਉਪਲੱਬਧ ਹਨ

Phone : 604-503-3338 / FAX : 1844-269-9722 EMAIL:info@nextrux.com

Add#111, 6638 152A Street, Surrey BC, V3S 5X5

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*3 ਫਰਵਰੀ ਦਿਨ ਸ਼ੁੱਕਰਵਾਰ ਬੀਬੀ ਮਨਜੀਤ ਕੌਰ ਪਰਿਵਾਰ ਵੱਲੋਂ ਸਹਿਜਪਾਠ ਆਰੰਭ ਹੋਣਗੇ।

*5 ਫਰਵਰੀ ਦਿਨ ਐਤਵਾਰ ਸ. ਅਰਵਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ।

*5 ਫਰਵਰੀ ਦਿਨ ਐਤਵਾਰ ਗੁਰੂਘਰ ਵਿਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*5 ਫਰਵਰੀ ਦਿਨ ਐਤਵਾਰ ਗੁਰੂਘਰ ਵਿਖੇ ਵਿਸ਼ੇਸ਼ ਦੀਵਾਨ ਸਜਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ: 1. ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ 2. ਭਾਈ ਰੇਸ਼ਮ ਸਿੰਘ ਲੁਧਿਆਣੇ ਵਾਲੇ

*ਕਥਾ ਵਾਚਕ -ਭਾਈ ਮਨਜੀਤ ਸਿੰਘ ਚਕਰ *ਕਵੀਸ਼ਰ ਭਾਈ ਵੀਰਭਾਨ ਸਿੰਘ ਮੌੜ ਮਾਲਵਾ

ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274

# ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਪੁਰਬ ਤੇ ਸ: ਹਰਭਜਨ ਸਿੰਘ ਲਾਖਾ (ਸਾਬਕਾ ਮੈਂਬਰ ਪਾਰਲੀਮੈਂਟ) ਦੇ ਪਰਿਵਾਰ ਪਰਮਜੀਤ ਸਿੰਘ ਲਾਖਾ, ਰਸ਼ਪਾਲ ਸਿੰਘ ਲਾਖਾ ਅਤੇ ਕਮਲਜੀਤ ਸਿੰਘ ਲਾਖਾ ਵੱਲੋਂ ਸਭ ਨੂੰ ਲੱਖ ਲੱਖ ਵਧਾਈ ਹੋਵੇ

ਗੁਰੂ ਸਾਹਿਬ ਬਚਪਨ ਤੋਂ ਹੀ ਪ੍ਰਮਾਤਮਾ ਦੀ ਭਗਤੀ ਭਜਨ ਸਿਮਰਨ ਕਰਨ ਵਿਚ ਲੀਨ ਹੋਏ ਅਤੇ ਸਮਾਜ ਵਿਚ ਜੋ ਕੁਰੀਤੀਆਂ ਚੱਲ ਰਹੀਆਂ ਸਨ ਉਹਨਾਂ ਦੇ ਬਹੁਤ ਵਿਰੁੱਧ ਸਨ। ਉਹਨਾਂ ਦਾ ਸੰਦੇਸ਼ ਸੀ: ਅਸੀਂ ਸਾਰੇ ਇਨਸਾਨ ਇਕ ਹੀ ਪ੍ਰਮਾਤਮਾ ਦੇ ਬੱਚੇ ਹਾਂ ਅਤੇ ਸਾਨੂੰ ਸਾਰਿਆਂ ਨੂੰ ਇਕ ਦੂਜੇ ਨਾਲ ਰਲ ਮਿਲ ਕੇ ਰਹਿਣਾ ਚਾਹੀਦਾ ਹੈ। ਨਾ ਕੋਈ ਨੀਚਾ ਹੈ ਤੇ ਨਾ ਕੋਈ ਉੱਚਾ ਹੈ, ਸਭ ਬਰਾਬਰ ਹਨ ਅਤੇ ਹੁਕਮਰਾਨਾਂ ਨੂੰ ਸਭ ਨੂੰ ਇਕੋ ਨਜ਼ਰ ਨਾਲ ਦੇਖਣਾ ਚਾਹੀਦਾ ਹੈ। ਸਭ ਨੂੰ ਆਜ਼ਾਦੀ ਨਾਲ ਰਹਿਣਾ ਚਾਹੀਦਾ ਹੈ ਤੇ ਸਭ ਨੂੰ ਇਕੋ ਜਿਹੇ ਹੱਕ ਦੇਣੇ ਚਾਹੀਦੇ ਹਨ। ਕਿਰਤ ਕਰ ਕੇ ਸਾਦਾ ਜੀਵਨ ਵਿਚ ਰਹਿ ਕੇ ਪ੍ਰਮਾਤਮਾ ਦੀ ਸਹੀ ਭਗਤੀ ਹੋ ਸਕਦੀ ਹੈ। ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ ਇਕ ਐਸਾ ਦੇਸ਼ ਅਤੇ ਸਮਾਜ ਬਣਾਉਣ ਦਾ ਹੋਕਾ ਦਿੱਤਾ ਜਿਸ ਨੂੰ ਵਿਚਾਰ ਕੇ ਅੱਜ ਦਾ ਇਨਸਾਨ ਦੁਨੀਆਂ ਦੇ ਹੁਕਮਰਾਨਾਂ ਕੋਲੋਂ ਉਸ ਗੱਲ ਦੀ ਮੰਗ ਕਰਦਾ ਹੈ।

ਬੇਗਮਪੁਰਾ ਸ਼ਹਿਰ ਕੋ ਨਾਉਂ ਦੁਖ ਅੰਦੋਹ ਨਹੀਂ ਤਿਹਿ ਠਾਉਂ।





ਸਵ: ਸ: ਹਰਭਜਨ ਸਿੰਘ ਖਾਲਸਾ
ਅਗਸਤ 25,1941 ਤੋਂ ਜੂਨ 11,2014


## POWER COOL

**Electrical & Referigeration Mechanical Ltd.**

We Install & Repair:
-Air Conditioning Systems, HRV's,Heat Pumps
-Refrigeration Systems,Walk in Coolers & freezers
-Super market equipments
-All Kinds Of Electrical Work

INDUSTRIAL,COMMERCIAL,RESIDENTIAL
LICENSED,INSURED,BONDED

**AUTHORIZED DEALER FOR CARRIER**

A Home Comfort System That Gives You Complete Control Over Your Environment.

SERVING LOWER MAINLAND
24 HOURS SERVICE

INTER PROVINCIAL CERTIFIED MECHANICS

QUALITY WORK & FREE ESTIMATES
SAVE MONEY,SAVE ENERGY, SAVE ENVIRONMENT

PARAMJIT (PARM) - 604-338-3915
RASHPAL (PAUL) - 604-726-5215

WWW.POWERCOOL.CA

Tel: 604.715.7478 Fax: 604.433.6195
Email: powercool@telus.net

# ਸ਼੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਪੁਰਬ ਤੇ
# ਘੀਰਾ ਪਰਿਵਾਰ ਵਲੋਂ ਸਭ ਨੂੰ
# ਲੱਖ ਲੱਖ ਵਧਾਈ ਹੋਵੇ



# Riverside Banquet Halls

**#135-1231 BURDETTE STREET**
**RICHMOND, BC V6V 2Z2**
604-244-7755

**RIVERSIDE SIGNATURE**
**13030-76AVE, SURREY, BC**
604-597-2222






ALL INCLUSIVE BANQUET PACKAGES
FROM ELEGANT TO EXTRAVAGANT

RBH

Riverside
BANQUET HALLS

ALL INCLUSIVE WEDDING PACKAGES
INCLUDING CATERING, DECOR
AND SOUND SYSTEM

## FIVE BANQUET FACILITIES WITH CAPACITIES RANGING 50-750 GUESTS RICHMOND/SURREY, BC

*From overall planning, decoration and menu details, our professional and friendly staff are here to turn your dreams into reality.*

**604.244.7755 (RICHMOND) / 604.597.2222 (SURREY)**

www.riversidehalls.com

Online Quotations

Follow us on Facebook

ETHNIC CATERING INCLUDING WESTERN, SOUTH ASIAN, CHINESE, ITALIAN, PORTUGUESE, KOSHER AND MIDDLE EASTERN CUISINE

# ਅਡਾਨੀ ਗਰੁੱਪ ਰਾਸ਼ਟਰਵਾਦ ਦੀ ਓਟ ਲੈ ਕੇ ਲੁੱਟ ਮਚਾ ਰਿਹਾ:ਹਿੰਡਨਬਰਗ



ਨਵੀਂ ਦਿੱਲੀ: ਅਡਾਨੀ ਗਰੁੱਪ ਵੱਲੋਂ ਹਿੰਡਨਬਰਗ ਰਿਸਰਚ ਦੇ ਦੋਸ਼ਾਂ ਦੇ ਜਵਾਬ 'ਚ ਜਾਰੀ 413 ਪੰਨਿਆਂ ਦੇ ਸਪੱਸ਼ਟੀਕਰਨ 'ਤੇ ਹਿੰਡਨਬਰਗ ਰਿਸਰਚ ਨੇ ਕਿਹਾ ਕਿ ਅਡਾਨੀ ਗਰੁੱਪ ਭਾਰਤ ਦੇ ਭਵਿੱਖ ਨੂੰ ਯੋਜਨਾਬੱਧ ਢੰਗ ਨਾਲ ਲੁੱਟ ਕੇ ਰੋਕ ਰਿਹਾ ਹੈ। ਹਿੰਡਨਬਰਗ ਨੇ ਅਡਾਨੀ ਗਰੁੱਪ ਦੇ ਇਸ ਦੋਸ਼ ਨੂੰ ਰੱਦ ਕਰ ਦਿੱਤਾ ਹੈ ਕਿ ਉਸ ਦੀ ਰਿਪੋਰਟ ਭਾਰਤ 'ਤੇ ਹਮਲਾ ਸੀ। ਹਿੰਡਨਬਰਗ ਨੇ ਕਿਹਾ ਕਿ ਧੋਖਾਧੜੀ ਨੂੰ ਰਾਸ਼ਟਰਵਾਦ ਜਾਂ ਵਧਾਅ-ਚੜ੍ਹਾਅ ਕੇ ਪ੍ਰਤੀਕਰਮ ਰਾਹੀਂ ਢਕਿਆ ਨਹੀਂ ਜਾ ਸਕਦਾ। ਅਡਾਨੀ ਗਰੁੱਪ ਨੇ ਆਪਣੇ ਸਪੱਸ਼ਟੀਕਰਨ ਵਿਚ ਇਹ ਵੀ ਕਿਹਾ ਹੈ ਕਿ ਰਿਪੋਰਟ ਦਾ ਅਸਲ ਮਤਲਬ ਅਮਰੀਕੀ ਕੰਪਨੀਆਂ ਦੇ ਆਰਥਕ ਫਾਇਦੇ ਲਈ ਨਵਾਂ ਬਾਜ਼ਾਰ ਤਿਆਰ ਕਰਨਾ ਹੈ । ਹਿੰਡਨਬਰਗ ਨੇ 24 ਜਨਵਰੀ ਨੂੰ ਜਾਰੀ ਰਿਪੋਰਟ ਵਿਚ ਅਡਾਨੀ ਗਰੁੱਪ 'ਤੇ ਧੋਖਾਧੜੀ ਤੇ ਮਨੀ ਲਾਂਡਰਿੰਗ ਵਰਗੇ ਵੱਡੇ ਦੋਸ਼ ਲਾਏ ਸਨ । ਰਿਪੋਰਟ ਜਾਰੀ ਹੋਣ ਤੋਂ ਬਾਅਦ ਗੌਤਮ ਅਡਾਨੀ ਦੀ ਦੌਲਤ 10 ਫੀਸਦੀ ਘਟ ਗਈ। ਫੋਰਬਸ ਮੁਤਾਬਕ ਉਸ ਨੂੰ ਇਕ ਲੱਖ 32 ਕਰੋੜ ਰੁਪਏ ਦਾ ਨੁਕਸਾਨ ਹੋਇਆ ਤੇ ਅਡਾਨੀ ਅਮੀਰਾਂ ਦੀ ਲਿਸਟ ਵਿਚ ਚੌਥੇ ਨੰਬਰ ਤੋਂ ਖਿਸਕ ਕੇ ਸੱਤਵੇਂ ਨੰਬਰ 'ਤੇ ਆ ਗਿਆ। 25 ਜਨਵਰੀ ਨੂੰ ਉਸ ਦੀ ਦੌਲਤ 9 ਲੱਖ 20 ਕਰੋੜ ਸੀ, ਜਿਹੜੀ 27 ਜਨਵਰੀ ਨੂੰ 7 ਲੱਖ 88 ਕਰੋੜ 'ਤੇ ਆ ਗਈ ਸੀ। ਅਡਾਨੀ ਗਰੁੱਪ ਨੇ ਰਿਪੋਰਟ ਦੇ ਜਵਾਬ ਵਿਚ ਕਿਹਾ ਹੈ ਕਿ ਇਹ ਕਿਸੇ ਖਾਸ ਕੰਪਨੀ 'ਤੇ ਬੇਬੁਨਿਆਦ ਹਮਲਾ ਨਹੀਂ, ਸਗੋਂ ਇਹ ਭਾਰਤ 'ਤੇ ਕੀਤਾ ਗਿਆ ਗਿਣਿਆ-ਮਿੱਥਿਆ ਹਮਲਾ ਹੈ। ਇਹ ਭਾਰਤੀ ਅਦਾਰਿਆਂ ਦੀ ਆਜ਼ਾਦੀ, ਅਖੰਡਤਾ ਤੇ ਗੁਣਵੱਤਾ 'ਤੇ ਕੀਤਾ ਗਿਆ ਹਮਲਾ ਹੈ। ਇਹ ਭਾਰਤ ਦੇ ਵਿਕਾਸ ਦੀ ਕਹਾਣੀ ਤੇ ਉਮੀਦਾਂ 'ਤੇ ਹਮਲਾ ਹੈ। ਰਿਪੋਰਟ ਦਾ ਸਿਰਫ ਇਕ ਹੀ ਮਕਸਦ ਹੈ—ਝੂਠੇ ਦੋਸ਼ ਲਾ ਕੇ ਸਕਿਉਰਟੀਜ਼ ਮਾਰਕਿਟ ਵਿਚ ਥਾਂ ਬਣਾਉਣਾ, ਜਿਸ ਦੇ ਚਲਦਿਆਂ ਅਣਗਿਣਤ ਨਿਵੇਸ਼ਾਂ ਨੂੰ ਨੁਕਸਾਨ ਹੋਵੇ ਤੇ ਸ਼ਾਰਟ ਸੈਲਰ ਹਿੰਡਨਬਰਗ ਵੱਡਾ ਫਾਇਦਾ ਉਠਾ ਸਕੇ । ਅਡਾਨੀ ਗਰੁੱਪ ਨੇ ਇਹ ਵੀ ਕਿਹਾ ਹੈ ਕਿ ਜਦੋਂ ਅਡਾਨੀ ਗਰੁੱਪ ਦਾ ਆਈ ਪੀ ਓ ਲਾਂਚ ਹੋਣ ਵਾਲਾ ਹੈ, ਜਿਹੜਾ ਦੇਸ਼ ਦਾ ਸਭ ਤੋਂ ਵੱਡਾ ਆਈ ਪੀ ਓ ਹੋਵੇਗਾ, ਹਿੰਡਨਬਰਗ ਨੇ ਰਿਪੋਰਟ ਜਾਰੀ ਕਰਕੇ ਬਦਨੀਅਤੀ ਦਾ ਸਬੂਤ ਦਿੱਤਾ ਹੈ। ਰਿਪੋਰਟ ਲੋਕਾਂ ਦੀ ਭਲਾਈ ਲਈ ਨਹੀਂ, ਸਗੋਂ ਆਪਣੇ ਸਵਾਰਥ ਲਈ ਹੈ। ਹਿੰਡਨਬਰਗ ਨੇ ਕਿਹਾ ਹੈ ਕਿ ਅਡਾਨੀ ਗਰੁੱਪ ਆਪਣੇ ਤੇ ਆਪਣੇ ਚੇਅਰਮੈਨ ਦੀ ਵਧਦੀ ਆਮਦਨੀ ਨੂੰ ਭਾਰਤ ਦੇ ਵਿਕਾਸ ਨਾਲ ਜੋੜਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨਾਲ ਉਹ ਸਹਿਮਤ ਨਹੀਂ । ਅਸੀਂ ਇਹ ਵੀ ਮੰਨਦੇ ਹਾਂ ਕਿ ਭਾਰਤ ਦੇ ਭਵਿੱਖ ਨੂੰ ਅਡਾਨੀ ਗੁਰੱਪ ਨੇ ਪਿੱਛੇ ਖਿੱਚ ਰੱਖਿਆ ਹੈ। ਉਹ ਖੁਦ ਨੂੰ ਦੇਸ਼ ਦੇ ਝੰਡੇ ਵਿਚ ਲਪੇਟ ਕੇ ਲੁੱਟ ਮਚਾ ਰਿਹਾ ਹੈ। ਅਸੀਂ ਮੰਨਦੇ ਹਾਂ ਕਿ ਧੋਖਾ ਧੋਖਾ ਹੀ ਹੁੰਦਾ ਹੈ, ਭਲੇ ਹੀ ਇਹ ਦੁਨੀਆ ਦੇ ਸਭ ਤੋਂ ਵੱਧ ਅਮੀਰਾਂ ਵਿਚ ਸ਼ਾਮਲ ਕਿਸੇ ਸ਼ਖਸ ਨੇ ਹੀ ਕਿਉਂ ਨਾ ਕੀਤਾ ਹੋਵੇ। ਅਸੀਂ 88 ਸਵਾਲ ਆਪਣੀ ਰਿਪੋਰਟ 'ਚ ਪੁੱਛੇ ਸਨ ਤੇ ਅਡਾਨੀ ਗਰੁੱਪ ਨੇ ਇਨ੍ਹਾਂ ਵਿੱਚੋਂ 62 ਸਵਾਲਾਂ ਦੇ ਸਹੀ ਤਰ੍ਹਾਂ ਜਵਾਬ ਨਹੀਂ ਦਿੱਤੇ। ਉਸ ਨੇ ਸਾਡੀ ਖੋਜ ਨੂੰ ਦਰਕਿਨਾਰ ਕਰਨ ਦੀ ਕੋਸ਼ਿਸ਼ ਕੀਤੀ । ਹਿੰਡਨਬਰਗ ਨੇ ਆਪਣੀ ਰਿਪੋਰਟ ਵਿਚ ਅਡਾਨੀ ਗਰੁੱਪ 'ਤੇ ਕਈ ਦਹਾਕਿਆਂ ਤੋਂ ਮਾਰਕਿਟ ਮੈਨੀਪੁਲੇਸ਼ਨ, ਅਕਾਊਂਟਿੰਗ ਫਰਾਡ ਤੇ ਮਨੀ ਲਾਂਡਰਿੰਗ ਦਾ ਦੋਸ਼ ਲਾਇਆ ਸੀ। ਉਸ ਨੇ ਕਿਹਾ ਸੀ ਕਿ ਗਰੁੱਪ ਦੀਆਂ ਸਾਰੀਆਂ ਪ੍ਰਮੁੱਖ ਲਿਸਟਿਡ ਕੰਪਨੀਆਂ 'ਤੇ ਕਾਫੀ ਕਰਜ਼ ਹੈ ਅਤੇ ਗਰੁੱਪ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰ 85 ਫੀਸਦੀ ਤੋਂ ਵੱਧ ਓਵਰ ਵੈਲਿਊਡ ਹਨ। ਰਿਪੋਰਟ ਤੋਂ ਬਾਅਦ ਭਾਰਤੀ ਜੀਵਨ ਬੀਮਾ ਨਿਗਮ (ਐੱਲ ਆਈ ਸੀ) ਨੂੰ ਭਾਰੀ ਨੁਕਸਾਨ ਹੋਇਆ ਹੈ। ਉਸ ਦਾ 24 ਜਨਵਰੀ ਨੂੰ ਅਡਾਨੀ ਗਰੁੱਪ ਦੀਆਂ ਕੰਪਨੀਆਂ ਵਿਚ 81268 ਕਰੋੜ ਦਾ ਨਿਵੇਸ਼ ਸੀ। ਸ਼ੇਅਰਾਂ ਦੇ ਭਾਅ ਡਿਗਣ ਨਾਲ 27 ਜਨਵਰੀ ਨੂੰ ਨਿਵੇਸ਼ 62621 ਕਰੋੜ 'ਤੇ ਆ ਗਿਆ। ਇਸ ਤਰ੍ਹਾਂ ਉਸ ਨੇ ਸ਼ੇਅਰ ਬਾਜ਼ਾਰ ਦੇ ਦੋ ਟਰੇਡਿੰਗ ਸੈਸ਼ਨਾਂ ਵਿਚ ਸਾਢੇ 18 ਹਜ਼ਾਰ ਕਰੋੜ ਰੁਪਏ ਤੋਂ ਵੱਧ ਗੁਆਏ। ਐੱਲ ਆਈ ਸੀ ਵਿਚ ਆਮ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਜਮ੍ਹਾਂ ਹੈ।

# ਨਿਧੀ ਰਾਜ਼ਦਾਨ ਨੇ ਵੀ ਐਨਡੀਟੀਵੀ ਛੱਡਿਆ



ਨਵੀਂ ਦਿੱਲੀ- ਇੱਕ ਹੋਰ ਸੀਨੀਅਰ ਟੀਵੀ ਪੱਤਰਕਾਰ ਨੇ ਭਾਰਤ ਦੇ ਨਵੀਂ ਦਿੱਲੀ ਟੈਲੀਵਿਜ਼ਨ (ਐਨਡੀਟੀਵੀ) ਨੂੰ ਅਲਵਿਦਾ ਕਹਿ ਦਿੱਤਾ ਹੈ। ਸੀਨੀਅਰ ਟੀਵੀ ਪੱਤਰਕਾਰ ਅਤੇ ਨਿਊਜ਼ ਪੇਸ਼ਕਾਰ, ਨਿਧੀ ਰਾਜ਼ਦਾਨ, ਅਡਾਨੀ ਟੇਕਓਵਰ ਤੋਂ ਬਾਅਦ ਐਨਡੀਟੀਵੀ ਛੱਡਣ ਵਾਲੇ ਪੱਤਰਕਾਰਾਂ ਦੀ ਲੜੀ ਵਿੱਚ ਵਾਧਾ ਹੈ। ਪਿਛਲੇ ਸਾਲ ਅਗਸਤ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਪਾਰਕ ਕਾਰੋਬਾਰੀ ਮਿੱਤਰ ਗੌਤਮ ਅਡਾਨੀ ਨੂੰ ਐਨਡੀਟੀਵੀ ੜ ਦੇ ਮਾਲਕੀ ਅਧਿਕਾਰ ਮਿਲਣ ਤੋਂ ਬਾਅਦ ਕਈ ਸੀਨੀਅਰ ਪੱਤਰਕਾਰ ਪਹਿਲਾਂ ਹੀ ਐਨਡੀਟੀਵੀ ਛੱਡ ਚੁੱਕੇ ਹਨ। ਨਿਧੀ ਰਾਜਦਾਨ ਨੇ ਕਿਹਾ ਕਿ "ਇਹ ਇੱਕ ਸ਼ਾਨਦਾਰ, ਰੋਲਰ ਕੋਸਟਰ ਰਾਈਡ ਰਿਹਾ ਹੈ ਪਰ ਤੁਹਾਨੂੰ ਇਹ ਜਾਣਨਾ ਹੋਵੇਗਾ ਕਿ ਕਦੋਂ ਉਤਰਨਾ ਹੈ। ਅਗਲੇ ਦੋ ਹਫ਼ਤੇ ਮੇਰੇ ਆਖਰੀ ਹਨ। ਇੰਨੇ ਸਾਲਾਂ ਦੇ ਪਿਆਰ ਅਤੇ ਸਮਰਥਨ ਲਈ ਤੁਹਾਡਾ ਧੰਨਵਾਦ, "ਨਿਧੀ ਰਾਜ਼ਦਾਨ ਨੇ ਆਪਣੇ ਟਵਿੱਟਰ 'ਤੇ ਲਿਖਿਆ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations

- Stress
- Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਸਨਾਤਨ ਧਰਮ ਰਾਸ਼ਟਰੀ ਧਰਮ

ਧਰਮ ਅਤੇ ਰਾਸ਼ਟਰ ਨੂੰ ਰਲਗਡ ਕਰਨ ਵਾਲਾ ਬੰਦਾ ਕਿੰਨਾ ਕੁ ਸਿਆਣਾ ਹੋ ਸਕਦਾ। ਪਰ ਗਲ ਤਾਂ ਦਾਨਿਆਂ ਦੀ ਹੈ ਜਿਸ ਦੀ ਕੋਠੀ ਹੋਣ ਓਥੇ ਜੋਗੀ ਵਰਗੇ ਪਾਗਲ ਵੀ ਸਿਆਣੇ।

ਵੈਸੇ ਵੀ ਕੋਈ ਕੋਈ ਇਹ ਤਾਂ ਦਸੇ ਕੀ ਸਨਾਤਨ ਧਰਮ ਸ਼ੁਰੂ ਕਿਥੋਂ ਹੁੰਦਾ, ਕਿਸ ਤੋਂ ਹੁੰਦਾ, ਇਸ ਦਾ ਬਾਨੀ ਕੌਣ ਐ, ਇਸ ਦਾ ਮੁੱਢ ਕਿਥੇ ਹੈ। ਸਨਾਤਨਤਾ ਇਕ ਉਲਝੀ ਹੋਈ ਓਹ ਤਾਣੀ ਹੈ ਜਿਸ ਦਾ ਕੋਈ ਸਿਰਾ ਹੀ ਨਹੀ ਲਭਦਾ ਯਾਣੀ ਧੁੰਦ ਹੀ ਧੁੰਦ ਹਥ ਮਾਰੀ ਜਾਓ ਠੇਡੇ ਖਾਈ ਚਲੋ। ਕਿਸੇ ਨੂੰ ਕਖ ਪਤਾ ਨਾ ਇਹ ਕਿਥੋਂ ਸ਼ੁਰੂ ਹੁੰਦਾ ਕਿਸ ਤੋਂ ਸ਼ੁਰੂ ਹੁੰਦਾ। ਵਿਸ਼ਨੂੰ, ਬ੍ਰਹਮਾ ਜਾਂ ਸ਼ਿਵ ਤੋਂ। ਕ੍ਰਿਸ਼ਨ ਜਾਂ ਰਾਮ ਤੋਂ। ਇਸ ਦਾ ਬੇਸ ਰਮਾਇਣ, ਮਹਾਂਭਾਰਤ ਜਾਂ ਗੀਤਾ?

ਵੇਦ ਨੇ ਪੁਰਾਣ ਜਾਂ ਸਿਮਰਤੀਆਂ।

ਸਿਖਾਂ, ਮੁਸਲਮਾਨਾ ਜਾਂ ਈਸਾਈਆਂ ਦਾ ਤਾਂ ਸਭ ਨੂੰ ਪਤਾ ਓਨਾ ਦੇ ਧਾਰਮਿਕ ਗ੍ਰੰਥਾਂ ਦਾ ਵੀ ਪਰ ਇਹ ਸਨਾਤਨਤਾ ਕੀ ਹੈ।

ਇਸ ਦੀ ਕਿਸ ਗਲ ਉਪਰ ਮਾਣ ਕੀਤਾ ਜਾਵੇ। ਕੋਈ ਫਖਰ ਕਰਨ ਵਾਲੀ ਕਹਾਣੀ ਹੀ ਦਸ ਦਿਓ। ਪੂਰੇ ਰਾਸ਼ਟਰ ਉਪਰ ਥੋਪੀ ਜਾਣ ਵਾਲੀ ਸਨਾਤਨਤਾ ਬਾਰੇ ਕੁਝ ਤਾਂ ਦਸੋ ਜਿਸ ਉਪਰ ਤੁਸੀਂ ਮਾਣ ਕਰ ਸਕੋਂ, ਜਾਂ ਜਿਸ ਵਿਚ ਕਿਸੇ ਦਾ ਕੋਈ ਭਲਾ ਹੋ ਸਕਦਾ ਹੋਵੇ।

ਦੋ ਜੰਗਾਂ ਸਨਾਤਨਤਾ ਦੇ ਆਖੇ ਜਾਂਦੇ ਭਗਵਾਨਾਂ ਨੇ ਲੜੀਆਂ ਨੇ। ਲੰਕਾ ਵਾਲੀ ਅਤੇ ਮਹਾਂਭਾਰਤ। ਦੋਨਾ ਵਿਚੋਂ ਮਾਣ ਕਰਨ ਵਾਲੀ ਕਿਹੜੀ ਹੈ। ਦੋਨੋਂ ਘਰੇਲੂ ਲੜਾਈਆਂ। ਦੋਨੋਂ ਵਿਚ ਕਪਟ ਅਤੇ ਛਲ। ਰਾਮ ਵਾਲੀ ਲੜਾਈ ਅਪਣੀ ਔਰਤ ਛਡਾਉਣ ਖਾਤਰ ਲੜੀ ਗਈ ਸੀ ਕੋਈ ਹੋਰ ਕਾਰਨ ਹੋਵੇ ਤਾਂ ਦਸ ਦਿਓ।

ਮਹਾਂਭਾਰਤ ਚਾਚੇ ਤਾਇਆਂ ਦੇ ਜਮੀਨੀ ਝਗੜੇ ਦੀ ਜੰਗ ਸੀ। ਜਮੀਨ ਵੀ ਓਹ ਜਿਹੜੀ ਸਮੇਤ ਅਪਣੀ ਔਰਤ ਜੂਏ ਵਿਚ ਹਾਰੀ ਜਾ ਚੁਕੀ ਸੀ। ਔਰਤ ਤਕ ਨੂੰ ਜੂਏ ਉਪਰ ਲਾ ਦੇਣੀ ਵਾਲੀ ਸਨਾਤਨਤਾ ਕਿੰਨੀ ਕੁ ਮਾਣ ਜੋਗ ਹੋ ਸਕਦੀ। ਧਾਰਮਿਕ ਗ੍ਰੰਥਾਂ ਦੀ ਗਲ ਕਰ ਲਓ। ਖੁਦ ਭਗਵਾਨ ਦੇ ਰਚੇ ਵੇਦ, ਇਹ ਗਲ ਸਵਾਮੀ ਦਯਾ ਨੰਦ ਵਰਗੇ ਕਹਿੰਦੇ ਰਹੇ ਜਿਸ ਕਾਰਨ ਦਯਾ ਨੰਦ ਨੂੰ ਗਿਆਨੀ ਦਿਤ ਸਿੰਘ ਮੂਹਰੇ ਝੂਠਾ ਅਤੇ ਸ਼ਰਮਿੰਦਾ ਹੋਣਾ ਪਿਆ।

ਪਰ ਕਿਸੇ ਕਦੇ ਵੇਦ ਦੇਖੇ? ਜਾਂ ਪੜੇ? ਜਾਂ ਉਲਥਾ ਕਰਕੇ ਪਰਚਾਰੇ ਗਏ ਹੋਣ। ਜੇ ਨਹੀ ਪਰਚਾਰੇ ਤਾਂ ਕਿਓਂ? ਪਰ ਮੋਟੇ ਮੋਟੇ ਤਤ ਦਸਦੇ ਕਿ ਰਿਗਵੇਦ ਵੇਦ ਆਰੀਅਨ ਦਰਾਵੜਾਂ ਦੀਆਂ ਲੜਾਈਆਂ ਉਪਰ ਕਾਫੀ ਚਾਨਣਾ ਪਾਓਂਦਾ ਜਿਥੇ ਇੰਦਰ ਦੀ ਕਮਾਂਡ ਹੇਠ ਦਰਾਵੜਾਂ ਦੀਆਂ ਗਰਭਵਤੀ ਔਰਤਾਂ ਤਕ ਦੇ ਪੇਟ ਚਾਕ ਕਰ ਦਿਤੇ ਗਏ।

ਪੁਰਾਣਾਂ ਦੀ ਤਾਂ ਗਲ ਹੀ ਛਡੋ ਅਤੇ ਸਿਮਰਤੀਆਂ ਖਾਸ ਕਰ ਮੰਨੂੰ ਸਿਮਰਤੀ ਤਾਂ ਬੰਦੇ ਨੂੰ ਬੰਦਾ ਹੀ ਨਹੀ ਸਮਝਦੀ ਜਿਥੇ ਓਹ ਕਾਂ, ਕੁਤਾ, ਸ਼ੂਦਰ ਅਤੇ ਔਰਤ ਨੂੰ ਬਰਾਬਰ ਰਖਦੀ ਹੈ।

ਅਸੀਂ ਮੰਨ ਲੋਂਨੇ ਆਂ ਕਿ ਸਨਾਤਨਤਾ ਹੀ ਸਭ ਦਾ ਯਾਣੀ ਰਾਸ਼ਟਰੀ ਧਰਮ ਹੈ ਪਰ ਸਾਨੂੰ ਕੋਈ ਓਹ ਗਲ ਤਾਂ ਦਸੀ ਜਾਵੇ ਜਿਸ ਵਿਚੋਂ ਸਾਨੂੰ ਕੋਈ ਮਾਣ ਕਰਨ ਵਾਲੀ ਗਲ ਲਭਦੀ ਹੋਵੇ। ਤੁਸੀਂ ਕੁਝ ਵਡਾ ਦਿਓਂਗੇ ਤਾਂ ਲੋਕ ਅਪਣਾ 'ਛੋਟਾ' ਛਡਣਗੇ ਨਹੀ ਤਾਂ ਕਿਓਂ ਲੋਕ ਸਨਾਤਨਤਾ ਨੂੰ ਅਪਣੇ ਉਪਰ ਥੋਪੇ ਜਾਣ ਦੀ ਇਜਾਜਤ ਦੇਣ। ਇਸ ਕਰਕੇ ਕਿ ਤੁਹਾਡੇ ਕੋਲੇ ਰਾਜ ਹੈ?

**-ਗੁਰਦੇਵ ਸਿੰਘ ਸੱਧੇਵਾਲੀਆ**






# ਬੀਬੀਸੀ ਦੀ ਡਾਕੂਮੈਂਟਰੀ ਸਰੀ ਵਿੱਚ ਦਿਖਾਈ



ਸਰੀ (ਗਰਵਿੰਦਰ ਸਿੰਘ):-ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬਹੁਚਰਚਿਤ, ਬੀਬੀਸੀ ਦੀ ਡਾਕੂਮੈਂਟਰੀ ਬਾਰੇ ਰੈਡੀਕਲ ਦੇਸੀ ਤੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਡਾਕੂਮੈਂਟਰੀ ਐਤਵਾਰ 29 ਜਨਵਰੀ ਨੂੰ ਸਰੀ ਦੀ ਸਟ੍ਰਾਬੇਰੀ ਹਿੱਲ ਲਾਈਬ੍ਰੇਰੀ ਦੇ ਮੀਟਿੰਗ ਹਾਲ ਵਿਚ ਦਿਖਾਉਣ ਦਾ ਉਪਰਾਲਾ ਕੀਤਾ। ਇਸ ਮੌਕੇ ਬੁਲਾਰਿਆਂ ਨੇ ਵੱਖ-ਵੱਖ ਪਹਿਲੂਆਂ ਬਾਰੇ ਰੋਸ਼ਨੀ ਪਾਈ ਅਤੇ ਜੋ ਬੀਬੀਸੀ ਦੀ ਡਾਕੂਮੈਂਟਰੀ ਵਿਚ ਦਿਖਾਇਆ ਗਿਆ ਹੈ, ਉਸ ਦੀ ਪ੍ਰੋੜਤਾ ਕੀਤੀ।ਇਸ ਇਮਤਿਆਜ ਪੋਪਟ, ਅਮ੍ਰਿਤ ਦੀਵਾਨਾ, ਲੱਕੀ ਸਹੋਤਾ ਅਤੇ ਹੋਰ ਮਨੁੱਖੀ ਅਧਿਕਾਰ ਕਾਰਕੁਨਾ ਨੇ ਸੰਬੋਧਨ ਕੀਤਾ।


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਫਰਵਰੀ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸਹਿਜਪਾਠ ਦੇ ਭੋਗ 5 ਫਰਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*4 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਮਨਦੀਪ ਸਿੰਘ ਨੈਨੋਰੀ ਪਰਿਵਾਰ ਵੱਲੋਂ ਹੋਵੇਗੀ।

*5 ਫਰਵਰੀ ਦਿਨ ਐਤਵਾਰ ਸਵ. ਹਰਜਿੰਦਰ ਕੌਰ ਖੈਰਾ ਦਾ ਅੰਤਮ ਸਸਕਾਰ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।

*5 ਫਰਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਬਲਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*6 ਫਰਵਰੀ ਦਿਨ ਸੋਮਵਾਰ ਸਵ. ਬੀਬੀ ਕ੍ਰਿਸ਼ਨਾ ਪਰਮਾਰ ਦਾ ਅੰਤਮ ਸਸਕਾਰ ਸਵੇਰੇ 9 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸਵੇਰੇ 11 ਵਜੇ ਹੋਵੇਗੀ।

*7 ਫਰਵਰੀ ਦਿਨ ਮੰਗਲਵਾਰ ਸਵ. ਤਜਿੰਦਰਪਾਲ ਸਿੰਘ ਸਰਾਉ ਦਾ ਅੰਤਮ ਸਸਕਾਰ ਦੁਪਹਿਰ 1 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਸ਼ਾਮ 3 ਵਜੇ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਸਿਹਤ ਸੰਬੰਧੀ



# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ

ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ।

ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨ.ਲੀ, ਮਹਿਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾ.ਲ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।

ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋ.ਲਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ ’ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤ.ਲੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579




ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ ਬਣਦੀਆਂ ਹਨ। ਕਈ ਵਾਰੀ ਅਸੀਂ ਬਿਨਾਂ ਭੁੱਖ ਤੋਂ ਵੀ ਖਾਂਦੇ ਹਾਂ, ਬਾਰ-ਬਾਰ ਖਾਈ ਜਾਂਦੇ ਹਾਂ, ਅਨਿਸ਼ਚਿਤ ਸਮੇਂ ’ਤੇ ਖਾਂਦੇ ਹਾਂ, ਬਿਮਾਰੀ ਦੀ ਹਾਲਤ ਵਿੱਚ ਡਾਕਟਰੀ ਸਲਾਹ ਤੋਂ ਬ.ਗੈਰ ਖਾਂਦੇ ਹਾਂ, ਲੋੜ ਤੋਂ ਵੱਧ ਜਾਂ ਖਾਣ ਸਮੇਂ ਭੋਜਨ ਨੂੰ ਚੰਗੀ ਤਰ੍ਹਾਂ ਨਹੀਂ ਚਬਾਉਂਦੇ, ਜਿਸ ਕਾਰਣ ਹਾਜ਼ਮਾ ਪ੍ਰਭਾਵਿਤ ਹੁੰਦਾ ਹੈ। ਹੋਮਿਓਪੈਥੀ ਵਿੱਚ ਕਾਰਗਰ ਦਵਾਈਆਂ ਰਾਹੀਂ ਉਪਰੋਕਤ ਅਲਾਮਤਾਂ ਦਾ ਢੁਕਵਾਂ ਇਲਾਜ ਸੰਭਵ ਹੈ। ਹਰ ਰੋਗ ਦੇ ਪਿਛੋਕੜ ਨੂੰ ਅਤੇ ਪੀੜਤ ਵਿਅਕਤੀ ਦੀ ਜੀਵਨਸ਼ੈਲੀ ਨੂੰ ਸਮਝਦਿਆਂ ਹੋਇਆਂ ਢੁਕਵੀਂ ਦਵਾਈ ਦੀ ਚੋਣ ਕੀਤੀ ਜਾਂਦੀ ਹੈ। ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਪੇਸ਼ਾਵਰ ਹੋਮਿਓਪੈਥਿਕ ਪ੍ਰੈਕਟਿਸ਼ਨਰ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਜਾਵੇ। ਕਿਸੇ ਮਾਹਰ ਸਲਾਹ ਤੋਂ ਬ.ਗੈਰ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਕੁਝ ਸਿਰਕੱਢ ਦਵਾਈਆਂ ਹਨ “ਨਕਸਵਾਮੀਕਾ”, “ਲਾਈਕੋਪੋਡੀਅਮ”, “ਸਲਫ਼ਰ”, “ਕਾਰਬੋ-ਵੈੱਜ”, “ਸਿਨਕੋਨਾ”, “ਮੈਗਮਿਊਰ”, “ਹਾਈਡ੍ਰਾਸਟੀਜ਼” ਆਦਿ। ਲੱਛਣਾਂ, ਅਲਾਮਤਾਂ ਅਤੇ ਪੀੜਤ ਵਿਅਕਤੀ ਦੇ ਸੁਭਾਅ ਦਾ ਤਾਲਮੇਲ ਕਰਦਿਆਂ ਢੁਕਵੀਂ ਸਿੰਗਲ ਦਵਾਈ ਦੀ ਚੋਣ ਇਸ ਰੋਗ ਨੂੰ ਠੀਕ ਕਰਨ ਵਿੱਚ ਸਹਾਈ ਹੁੰਦੀ ਹੈ।

ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਹਰ ਇੱਕ ਕੇਸ ਨੂੰ ਵਖਰੇਵੇਂ ਨਾਲ ਦੇਖਦਿਆਂ ਹੋਇਆਂ, ਅਤੇ ਕੇਸ ਦੀ ਸਹੀ ਪੜਚੋਲ ਕਰਨ ਉਪਰੰਤ ਮਰੀਜ਼ ਲਈ ਢੁਕਵੀਂ ਦਵਾਈ ਦੀ ਚੋਣ ਕਰਦੇ ਹਨ।

ਨਸ਼ਿਆਂ ਤੋਂ ਛੁਟਕਾਰਾ ਪਾਓ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335

# ਯੇ ਦੋਸਤੀ ਹਮ ਨਹੀਂ ਛੋੜੇਂਗੇ

ਭਾਰਤ ਵਿੱਚ ਇੱਕੋ-ਇੱਕ ਨਿਆਂ ਪਾਲਿਕਾ ਹੀ ਬਚਦੀ ਸੀ, ਜਿਸ ਉੱਤੇ ਕਬਜ਼ੇ ਲਈ ਇਸ ਸਮੇਂ ਹਾਕਮ ਤਰਲੋ ਮੱਛੀ ਹੋ ਰਹੇ ਹਨ। ਇਸ ਸਮੇਂ ਸੱਤਾਧਾਰੀਆਂ ਵੱਲੋਂ ਨਿਆਂ ਪਾਲਿਕਾ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਕੋਈ ਨਿਆਂ ਪਾਲਿਕਾ ਨੂੰ ਹੱਦ ਵਿੱਚ ਰਹਿਣ ਦੀਆਂ ਹਦਾਇਤਾਂ ਦੇ ਰਿਹਾ ਹੈ। ਉਪ ਰਾਸ਼ਟਰਪਤੀ ਜਗਦੀਪ ਧਨਖੜ ਸੁਪਰੀਮ ਕੋਰਟ ਉੱਤੇ ਸੰਸਦ ਦੇ ਕੰਮਾਂ ਵਿੱਚ ਅੜਿੱਕਾ ਡਾਹੁਣ ਦਾ ਦੋਸ਼ ਲਾ ਕੇ ਉਸ ਨੂੰ ਹੱਦ ਵਿੱਚ ਰਹਿਣ ਦੀਆਂ ਸਲਾਹਾਂ ਦੇ ਰਿਹਾ ਹੈ। ਅਸਲ ਲੜਾਈ ਸਿਰਫ਼ ਜੱਜਾਂ ਦੀ ਨਿਯੁਕਤੀ ਲਈ ਬਣਾਈ ਗਈ ਕਾਲੇਜੀਅਮ ਪ੍ਰਣਾਲੀ ਵਿਰੁੱਧ ਹੀ ਨਹੀਂ, ਸਗੋਂ ਸੰਵਿਧਾਨ ਵਿਰੁੱਧ ਹੈ, ਜਿਸ ਨੂੰ ਬਦਲੇ ਬਗੈਰ ਸੰਘ ਦਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਫ਼ਨਾ ਪੂਰਾ ਨਹੀਂ ਹੋ ਸਕਦਾ।

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਵੱਲੋਂ ਦਿੱਤੇ ਬਿਆਨ ਵਿੱਚ ਕਿਹਾ ਗਿਆ ਸੀ ਕਿ "ਭਾਰਤੀ ਸੰਵਿਧਾਨ ਦਾ ਬੁਨਿਆਦੀ ਢਾਂਚਾ ਧਰੂ ਤਾਰੇ ਵਾਂਗ ਹੈ, ਜੋ ਹਰ ਸਮੇਂ ਸਾਨੂੰ ਰਾਹ ਦਿਖਾਉਂਦਾ ਰਹਿੰਦਾ ਹੈ। ਚੀਫ਼ ਜਸਟਿਸ ਨੂੰ ਇਹ ਤਦ ਕਹਿਣਾ ਪਿਆ ਕਿਉਂਕਿ ਉਪ ਰਾਸ਼ਟਰਪਤੀ ਧਨਖੜ ਵੱਲੋਂ ਸੰਵਿਧਾਨ ਦੇ ਬੁਨਿਆਦੀ ਢਾਂਚੇ ਉੱਤੇ ਹੀ ਹਮਲਾ ਕੀਤਾ ਗਿਆ ਸੀ । ਸੁਪਰੀਮ ਕੋਰਟ ਕੋਲ ਇਹ ਅਧਿਕਾਰ ਹੈ ਕਿ ਸੰਸਦ ਜਦੋਂ ਕੋਈ ਨਵਾਂ ਕਾਨੂੰਨ ਪਾਸ ਕਰਦੀ ਹੈ ਤਾਂ ਉਸ ਨੂੰ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੀ ਕਸਵੱਟੀ ਉੱਤੇ ਪਰਖ ਕੇ ਰੱਦ ਕੀਤਾ ਜਾ ਸਕਦਾ ਹੈ।

ਇਸ ਸਮੇਂ ਅਜਿਹੀ ਹੀ ਸਥਿਤੀ ਇਸਰਾਈਲ ਵਿੱਚ ਬਣੀ ਹੋਈ ਹੈ। ਉੱਥੇ ਵੀ ਸਾਡੇ ਦੇਸ਼ ਵਾਂਗ ਹੀ ਕੱਟੜ ਦੱਖਣਪੰਥੀ ਤੇ ਨਸਲਵਾਦੀ ਸਰਕਾਰ ਹੈ। ਬੇਂਜਾਮਿਨ ਨੇਤਨਯਾਹੂ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਬਣ ਚੁੱਕੇ ਹਨ। ਨੇਤਨਯਾਹੂ ਮੋਦੀ ਦੇ ਪੱਕੇ ਦੋਸਤ ਹਨ। ਇਹ ਰਿਸ਼ਤੇ ਕਿੰਨੇ ਗਹਿਰੇ ਹਨ, ਉਸ ਦਾ ਭਾਰਤ ਵਿਚਲੇ ਇਸਰਾਈਲ ਦੇ ਰਾਜਦੂਤ ਵੱਲੋਂ ਜਾਰੀ ਕੀਤੇ ਗਏ ਇੱਕ ਕਲਿੱਪ ਤੋਂ ਸਹਿਜੇ ਹੀ ਲਾਇਆ ਜਾ ਸਕਦਾ। ਤਿੰਨ ਸਾਲ ਪਹਿਲਾਂ ਕੌਮਾਂਤਰੀ ਮਿੱਤਰਤਾ ਦਿਵਸ ਮੌਕੇ ਰਾਜਦੂਤ ਨੇ ਨੇਤਨਯਾਹੂ ਤੇ ਮੋਦੀ ਦੀ ਇੱਕ ਫੋਟੋ ਕਲਿੱਪ ਸ਼ੇਅਰ ਕੀਤੀ ਜੀ, ਜਿਸ ਦੇ ਪਿੱਛੇ ਸ਼ੋਅਲੇ ਫਿਲਮ ਦਾ ਗਾਣਾ 'ਯੇ ਦੋਸਤੀ ਹਮ ਨਹੀਂ ਛੋੜੇਗੇ' ਵੱਜ ਰਿਹਾ ਸੀ। ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਫਲਸਤੀਨੀ ਲੋਕਾਂ ਨਾਲ ਖੜ੍ਹੇ ਹੋਣ ਦੀ ਨਹਿਰੂ ਦੀ ਨੀਤੀ ਬਹੁਤ ਪਿੱਛੇ ਰਹਿ ਗਈ ਹੈ। ਨੇਤਨਯਾਹੂ 1996 ਵਿੱਚ ਪ੍ਰਧਾਨ ਮੰਤਰੀ ਬਣੇ ਸਨ ਤੇ ਮੋਦੀ ਉਸ ਤੋਂ 18 ਸਾਲ ਬਾਅਦ 2014 ਵਿੱਚ। ਹਿਟਲਰ ਦਾ ਵਾਰਸ ਤਾਂ ਕੋਈ ਰਿਹਾ ਨਹੀਂ, ਇਸ ਲਈ ਸੱਤਾ ਸੰਘਰਸ਼ ਵਿੱਚ ਨੇਤਨਯਾਹੂ ਨਰਿੰਦਰ ਮੋਦੀ ਲਈ 'ਧਰੂ-ਤਾਰਾ' ਬਣੇ ਹੋਏ ਹਨ। ਉਹ ਸਭ ਨੁਸਖੇ ਉੱਥੋਂ ਹਾਸਲ ਕਰ ਰਹੇ ਹਨ। ਇਸਰਾਈਲ ਦਾ ਜਾਸੂਸੀ ਸਾਫ਼ਟਵੇਅਰ ਪੈਗਾਸਸ ਖਰੀਦ ਕੇ ਨਾਗਰਿਕਾਂ, ਪੱਤਰਕਾਰਾਂ ਤੇ ਵਿਰੋਧੀਆਂ ਦੀ ਜਾਸੂਸੀ ਕਰਨ ਦਾ ਸਾਡੀ ਸਰਕਾਰ ਨੇ ਉੱਥੋਂ ਹੀ ਗੁਰ ਸਿੱਖਿਆ ਸੀ।

ਹੁਣ ਨਿਆਂ ਪਾਲਿਕਾ ਨੂੰ ਕਾਬੂ ਕਰਨ ਲਈ ਵੀ ਮੋਦੀ ਸਰਕਾਰ ਨੇਤਨਯਾਹੂ ਦੇ ਪੈਰ ਚਿੰਨ੍ਹਾਂ ਉੱਤੇ ਚਲ ਰਹੀ ਹੈ। ਇਸਰਾਈਲ ਵਿੱਚ ਕੋਈ ਲਿਖਤੀ ਸੰਵਿਧਾਨ ਨਹੀਂ ਹੈ। ਉੱਥੇ ਸਾਡੇ ਵਾਂਗ ਹੀ ਸੱਤਾ ਦੀਆਂ ਮਨਮਾਨੀਆਂ ਉੱਤੇ ਰੋਕ ਲਾਉਣ ਦਾ ਕੰਮ ਉਥੋਂ ਦੀ ਸੁਪਰੀਮ ਕੋਰਟ ਕਰਦੀ ਹੈ। ਉੱਥੇ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਇੱਕ ਕਮੇਟੀ ਕਰਦੀ ਹੈ, ਜਿਸ ਵਿੱਚ ਕਾਰੋਬਾਰੀ, ਵਕੀਲ, ਜੱਜ ਤੇ ਕੁਝ ਸਰਕਾਰੀ ਨੁਮਾਇੰਦੇ ਸ਼ਾਮਲ ਹੁੰਦੇ ਹਨ। ਇਸ ਦੇ ਬਾਵਜੂਦ ਨੇਤਨਯਾਹੂ ਨੂੰ ਇਹ ਪ੍ਰਣਾਲੀ ਪਸੰਦ ਨਹੀਂ ਹੈ।

ਉਹ ਨਿਆਂ ਪਾਲਿਕਾ ਦੇ ਖੰਭ ਕੁਤਰਨਾ ਚਾਹੁੰਦੇ ਹਨ। ਪਿਛਲੇ ਦਿਨੀਂ ਉੱਥੋਂ ਦੇ ਕਾਨੂੰਨ ਮੰਤਰੀ ਨੇ ਸੰਸਦ ਵਿੱਚ ਇਸ ਸੰਬੰਧੀ ਇੱਕ ਬਿੱਲ ਪੇਸ਼ ਕੀਤਾ ਸੀ। ਇਸ ਮੁਤਾਬਕ ਕਮੇਟੀ ਵਿੱਚ ਸਰਕਾਰੀ ਪ੍ਰਤੀਨਿਧਾਂ ਦੀ ਗਿਣਤੀ ਅੱਧੋਂ ਵੱਧ ਕੀਤੀ ਜਾਵੇਗੀ ਤਾਂ ਜੋ ਜੱਜਾਂ ਦੀ ਨਿਯੁਕਤੀ ਸਰਕਾਰ ਮੁਤਾਬਕ ਹੋ ਸਕੇ। ਇਸ ਤੋਂ ਬਿਨਾਂ ਬਿੱਲ ਵਿੱਚ ਇਹ ਵੀ ਦਰਜ ਹੈ ਕਿ ਸੰਸਦ ਵੱਲੋਂ ਪਾਸ ਕਾਨੂੰਨ ਨੂੰ ਸੁਪਰੀਮ ਕੋਰਟ ਰੱਦ ਨਹੀਂ ਕਰ ਸਕੇਗੀ ਤੇ ਸੰਸਦ ਬਹੁਸੰਮਤੀ ਨਾਲ ਸੁਪਰੀਮ ਕੋਰਟ ਦੇ ਕਿਸੇ ਵੀ ਫ਼ੈਸਲੇ ਨੂੰ ਬਦਲ ਸਕੇਗੀ। ਕਾਨੂੰਨ ਮੰਤਰੀ ਨੇ ਬਿੱਲ ਪੇਸ਼ ਕਰਦਿਆਂ ਕਿਹਾ ਕਿ ਸਾਂਸਦ ਚੋਣ ਲੜ ਕੇ ਆਉਂਦੇ ਹਨ ਤੇ ਜੱਜਾਂ ਦੀ ਨਿਯੁਕਤੀ ਹੁੰਦੀ ਹੈ। ਇਸ ਲਈ ਦੇਸ਼ ਨੂੰ ਬਿਨਾਂ ਰੋਕ-ਟੋਕ ਚਲਾਉਣ ਦਾ ਅਧਿਕਾਰ ਸੰਸਦ ਕੋਲ ਹੋਣਾ ਚਾਹੀਦਾ ਹੈ ਨਾ ਕਿ ਸੁਪਰੀਮ ਕੋਰਟ ਕੋਲ।

ਇਸਰਾਈਲ ਦੇ ਕਾਨੂੰਨ ਮੰਤਰੀ ਦੇ ਬਿਆਨ ਤੇ ਸਾਡੇ ਉਪ ਰਾਸ਼ਟਰਪਤੀ ਜਗਦੀਸ਼ ਧਨਖੜ ਤੇ ਹੋਰ ਭਾਜਪਾ ਮੰਤਰੀਆਂ ਦੇ ਬਿਆਨ ਤੋਂ ਤਾਂ ਇੱਦਾਂ ਲਗਦਾ ਜਿਵੇਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਸਲਾਹਕਾਰ ਇੱਕੋ ਹੋਵੇ । ਫ਼ਰਕ ਸਿਰਫ਼ ਇਹ ਹੈ ਕਿ ਇਸਰਾਈਲ ਵਿੱਚ ਨੇਤਨਯਾਹੂ ਸਰਕਾਰ ਦੀਆਂ ਲੋਕਤੰਤਰ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਵਿਰੁੱਧ ਸਮੁੱਚਾ ਦੇਸ਼ ਉਠ ਖੜ੍ਹਿਆ ਹੈ ਤੇ ਲੱਖਾਂ ਲੋਕ ਸੜਕਾਂ ਉੱਤੇ ਨਿਕਲ ਰਹੇ ਹਨ, ਪਰ ਭਾਰਤ ਵਿੱਚ ਨਿਆਂ ਪਾਲਿਕਾ ਉੱਤੇ ਹਮਲੇ ਵਿਰੁੱਧ ਕੋਈ ਵੀ ਵਾਵੇਲਾ ਨਹੀਂ। ਇਸ ਤੋਂ ਸਾਫ਼ ਹੈ ਕਿ ਸੁਪਰੀਮ ਕੋਰਟ ਵੱਲੋਂ ਸਰਕਾਰ ਵਿਰੋਧੀ ਕੇਸਾਂ ਨੂੰ ਲਟਕਾਈ ਰੱਖਣ ਕਾਰਨ ਆਮ ਲੋਕਾਂ ਦਾ ਉਸ ਵਿੱਚ ਭਰੋਸਾ ਘਟਿਆ ਹੈ।

ਇਸ ਦੇ ਬਾਵਜੂਦ ਸਾਡਾ ਮੰਨਣਾ ਹੈ ਕਿ ਲੋਕਤੰਤਰ ਨੂੰ ਬਚਾਉਣ ਦੀ ਇਸ ਲੜਾਈ ਵਿੱਚ ਹਰ ਜਮਹੂਰੀਅਤ ਪਸੰਦ ਨਾਗਰਿਕ ਨੂੰ ਹਿੱਸਾ ਪਾਉਣਾ ਚਾਹੀਦਾ ਹੈ।

--ਚੰਦ ਫਤਿਹਪੁਰੀ

# ਘੱਗੋ ਦੇ ਸਿੰਗ

ਕਹਿੰਦੇ ਘਗੇ ਦੇ ਸਿੰਗ ਉਗ ਆਏ ਨੇ ਯਾਣੀ ਗਿਆਨ ਦੇ ਸਿੰਗ ਅਤੇ ਉਸ ਸਭ ਤੋਂ ਪਹਿਲਾਂ ਓਸੇ ਸਿੰਘ ਦੀ ਵਖੀ ਪਾੜੀ ਜਿਸ ਨੂੰ ਸਾਰੀ ਉਮਰ ਪੂਛ ਪਿਛੇ ਬੰਨੀ ਫਿਰਦਾ ਰਿਹਾ ਅਤੇ ਇਸੇ ਸਿੰਘ ਦੇ ਨਾਂ ਤੇ ਹੀ ਪੰਡੀਏ ਤਰਾਂ ਗੁਰੂ ਘਰਾਂ ਵਿਚੋਂ ਖੀਰ ਪੂੜਿਆਂ ਨਾਲ ਲਿਹੜਦਾ ਰਿਹਾ। ਸਿੰਗ ਇਨੇ ਤਿਖੇ ਨਿਕਲੇ ਕਿ ਪਿਓ ਧੀ ਨੇ ਰਲ ਕੇ ਸਿੰਘ ਹੀ ਸਿੰਗਾਂ ਤੇ ਚੁਕ ਲਿਆ ਪਰ ਹੈਰਾਨੀ ਹੋਈ ਕਿ ਕੌਰ ਕਿਵੇਂ ਹਲਾਲ ਹੋਣੋ ਬਚ ਗਈ। ਜਦ ਸਿੰਘ ਵੰਨੀ ਹੋਏ ਸਨ ਨਾਲ ਲਗਦੀ ਕੌਰ ਵੀ ਵਢ ਸੁਟਦੇ। ਬੀਬੀ ਨੇ ਢਡ ਤਾਂ ਕਦ ਦੀ ਪਾੜ ਸੁਟੀ ਕੌਰ ਵੀ ਲਾਹ ਸੁਟਦੀ। ਕਾਫੀ ਦੇਰ ਦੀ ਗਲ ਹੈ ਸਾਡੇ ਸਿਟੀ ਦੀਆਂ ਚੋਣਾਂ ਵਿਚ ਇਕ ਬੰਦਾ ਖੜ ਗਿਆ। ਜਿਤਣਾ ਉਸ ਹੈ ਨਾ ਸੀ ਇਹ ਪਕਾ ਪਤਾ ਉਸ ਨੂੰ ਵੀ ਸੀ। ਅਸੀਂ ਵੀ ਦੋ ਚਾਰ ਜਣਿਆਂ ਵਿਹਲੇ ਸਮੇ ਪਕੌੜੇ ਖਾਣ ਜਾ ਵੜਨਾ ਇਓਂਕਿ ਉਸ ਦਾ ਅਗਾਂਹ ਸਾਡਾ ਵੀ ਇਕ ਮਿਤਰ ਗਿਣਤੀ ਵਖਾਓਂਣ ਖਾਤਰ ਸਾਨੂੰ ਲੈ ਜਾਇਆ ਕਰਦਾ ਸੀ। ਮੈਂ ਇਕ ਦਿਨ ਚੋਣਾ ਵਿਚ ਖੜੋਤੇ ਬੰਦੇ ਨੂੰ ਕਿਹਾ ਸਾਹਬ ਜੀ ਜਿਤਣਾ ਤੁਸਾਂ ਹੈ ਨਹੀ, ਲੋਕਾਂ ਵਲੋਂ ਕੁਤੇ ਖਾਣੀ ਵਖਰੀ, ਸੁਖ ਨਾਲ ਤੁਹਾਡਾ ਆਦਰ ਮਾਣ ਪਹਿਲਾਂ ਹੀ ਕਾਫੀ ਸੀ, ਪੈਸੇ ਦਾ ਉਜਾੜਾ ਵਖਰਾ ਤਾਂ ਇਹ ਪੰਗਾ ਕਾਹਦੇ ਲਈ। ਪਰ ਓਹ ਕਹਿੰਦਾ ਜਿਤਣ ਵਿਤਣ ਨੂੰ ਮਾਰ ਗੋਲੀ ਜੱਟ ਦੀ ਬਲੇ ਬਲੇ ਤਾਂ ਹੋਈ ਪਈ ਏ ਨਾ ਨਹੀ ਤਾਂ ਸ਼ਹਿਰ ਦੀ ਕੁਤੀ ਨਾ ਸੀ ਜਾਣਦੀ ਮੈਨੂੰ। ਮਤਲਬ ਸਿੰਗ ਟੁਟਦੇ ਟੁਟਣ ਬਲੇ ਬਲੇ ਤਾਂ ਹੋਈ ਪਈ ਏ ਨਾ ਯਾਣੀ ਘੱਗਾ ਘੱਗਾ। ਖੁਡੇ ਲਾਈਨ ਲਗੇ ਖੜੇ ਪੁਰਾਣੇ ਰੇਲੂ ਸਾਈਕਲ ਤਰਾਂ ਘਗਾ ਸੋਚਦਾ ਹੁਣ ਤੇਲ ਵੇਲ ਤਾਂ ਕੋਈ ਦੇਣੋ ਰਿਹਾ ਕਿਓਂ ਨਾ ਹੁਣ ਟਲੀਆਂ ਵਲੀਆਂ ਹੀ ਖੜਕਾ ਕੇ ਦੇਖ ਲਈਆਂ ਜਾਣ ਸ਼ਾਇਦ ਕੋਈ ਪਿਛੇ ਮੁੜ ਦੇਖ ਲਏ ਗਰੀਬ ਵੰਨੀ। ਬਾਬੇ ਤੋਤੇ ਵੀ ਕਿਸੇ ਪਾਰ ਨਹੀ ਲਾਇਆ। ਉਸ ਦੀ ਅਪਣੀ ਗਡੀ ਦਾ ਤੇਲ ਮੁਕਿਆ ਰਹਿੰਦਾ ਓਹ ਘਗੇ ਦਾ ਕੀ ਕਰੇ। ਉਸ ਦਾ ਤਾਂ ਆਵਦਾ ਮਿਰਜਾ ਵਿਚਾਰਾ ਉਸ ਖਾਤਰ 25-25 ਡਾਲਰ ਮੰਗਦਾ ਅਪਣੇ ਯਾਰਾਂ ਦੇ ਹੀ ਪੰਜਾਮੇ ਪਾੜ ਰਿਹਾ ਹੁੰਦਾ ਜਿਹੜੇ ਕਰਦੇ ਕਖ ਨਹੀ ਸਿਵਾਏ ਹਵਾ ਦੇਣ ਦੇ ਕਿ ਚੜ ਜਾਹ ਬਚਾ ਸੂਲੀ ਰਾਮ ਭਲੀ ਕਰੂ। ਘਗੇ ਸੋਚਿਆ ਸੀ ਤੋਤੇ ਤਰਾਂ ਯਬਲੀਆਂ ਛਬਲੀਆਂ ਮਾਰ ਕੇ ਜਾਂ ਕੋਟ ਐਕਚਨ ਨਾਲ ਸਲੋਅ ਮੋਸ਼ਨ ਕਰਕੇ ਸ਼ਾਇਦ ਚਾਰ ਪੈਸੇ ਬਣ ਜਾਣਗੇ ਪਰ ਇਥੇ ਤਾਂ ਪਹਿਲਾਂ ਆਓਂਦੇ ਵੀ ਗਵਾਏ। ਘਗੇ ਦੀ ਹਾਲਤ ਹੰਭੇ ਹੋਏ ਉਸ ਢੱਗੇ ਵਰਗੀ ਹੈ ਜਿਸ ਨੂੰ ਧੀ ਉਸ ਦੀ ਅਤੇ ਅਪਗਰੇਡਾਂ ਦੀ ਮੰਡੀਰ ਬਲਾ ਬਾਪੂ ਬਲਾ ਬਾਪੂ ਕਹਿ ਕਹਿ ਬਥੇਰਾ ਉਠਾਉਂਦੀ ਪਰ ਹੰਭਿਆ ਕਾਹਨੂੰ ਉਠਦਾ ਓਹ ਬੈਠਾ ਹੀ ਸਿੰਗ ਮਾਰੀ ਜਾਦਾ।

ਬਥੇਰੀਆਂ ਗਿਆਨ ਦੀਆਂ ਰਿਓੜੀਆਂ ਵੰਡ ਲਈਆਂ ਜੇਹਬਾਂ ਖਾਲੀ ਨੇ ਹੁਣ। ਹੁਣ ਤਾਂ ਐਵੇਂ ਹੁਸਿਆ ਹੋਇਆ ਸਿੰਘ ਯਾਣੀ ਸ਼ੇਰ ਦੀ ਮੁਛ ਨੂੰ ਹਥ ਲਾਓਂਣ ਦੇ ਸੁਪਨੇ ਦੇਖਣ ਤੁਰ ਪਿਆ। ਮੂਰਖ ਸੋਚਦਾ ਮੂਹਰਲਾ ਮੈਥੋਂ ਡਰ ਗਿਆ ਪਰ ਸਿਆਣਾ ਮੂਰਖ ਦੇ ਮੂੰਹ ਲਗਣੋ ਚੁਪ ਰਹਿੰਦਾ। ਇਹੀ ਸੋਚ ਘਗੇ ਦੀ ਕੁੜੀ ਦੀ ਹੈ ਲੋਕ ਤਾਂ ਧੀ ਧਿਆਣੀ ਜਾਣ ਕੋਈ ਗਲ ਕਰਨੋ ਸੰਕੋਚ ਕਰਦੇ ਪਰ ਉਸ ਬੀਬੀ ਦੇ ਗਿਆਨ ਦੇ ਉਗੇ ਸਿੰਗ ਲੋਕਾਂ ਦੀਆਂ ਵਖੀਆਂ ਪਾੜਨੋ ਬਾਜ ਨਹੀ ਆਓਂਦੇ। ਬਾਬਾ ਤੋਤਾ ਅਜਿਹਾ ਸਿਰ ਨੂੰ ਚੜਿਆ ਕਿ ਓਹ ਹਰੇਕ ਚੌਥੇ ਦਿਨ ਵਡਭਾਗੀਆਂ ਦੇ ਭੂਤਾਂ ਤਰਾਂ ਸਿਰ ਮਾਰਨ ਬੈਠ ਜਾਂਦੀ। ਪਰ ਜਿਦੇਂ ਕਿਸੇ ਕੋਈ ਕਸੂਤੀ ਕਹਿ ਦਿਤੀ ਸਿਆਪੇ ਤੇ ਲਿਆਂਦੀ ਨੈਣ ਤਰਾਂ ਦੇਹ ਪਿਟ ਸਿਆਪਾ ਸ਼ੁਰੂ ਹੋ ਜਾਣਾ ਕਿ ਆਹ ਦੇਖ ਲਵੋ ਵਡੇ ਖਾਲਿਸਤਾਨੀ, ਇਹ ਬਣਾਉਣਗੇ ਖਾਲਿਸਤਾਨ, ਇਵੇਂ ਦਾ ਹੋਊ ਖਾਲਿਸਤਾਨ, ਧੀਆਂ, ਭੈਣਾ, ਇਜਤ। ਪਤਾ ਨਹੀ ਕਾਮਰੇਡਾਂ ਜਾਂ ਰਾਸ਼ਟਰਵਾਦੀਆਂ ਤਰਾਂ ਹਰੇਕ ਗਲੇ ਖਾਲਿਸਤਾਨ ਵਾਲਾ ਸੱਪ ਕਿਥੋਂ ਕਢ ਲਿਆਓਂਦੇ ਜਿਸ ਦਾ ਕਿਸੇ ਗਲ ਨਾਲ ਦੂਰ ਦਾ ਵੀ ਵਾਸਤਾ ਨਹੀ ਹੁੰਦਾ।

ਕੁਲ ਪਾ ਕੇ ਘਗਾ ਵਿਚਾਰਾ ਬਹੱਤਰ ਗਿਆ ਹੋਇਆ ਹੈ ਜਿਸਨੂੰ ਸਿੰਘ ਦਾ ਮਤਲਬ ਵੀ ਭੁਲ ਗਿਆ ਹੋਇਆ ਅਤੇ ਉਮਰ ਮੰਗ ਕਰਦੀ ਉਸ ਦੀ ਕਿ ਰਬ ਤਾਂ ਚਲੋ ਪੁਜਾਰੀ ਖਾਤੇ ਪਾ ਦਿਤਾ ਕਿਤੇ ਇਕਾਂਤ ਬੈਠ ਕੇ ਤੋਤਾ ਤੋਤਾ ਜਪ ਕੇ ਹੀ ਜਨਮ ਸਫਲਾ ਕਰ ਲਏ ਕਿਓਂਕਿ ਆਖਰੀ ਉਮਰੇ ਉਡਾਈ ਖੇਹ ਸਿਰ ਚੋਂ ਨਿਕਲਦੀ ਨਹੀ ਹੁੰਦੀ ਮੁੜ। ਕਿ ਨਿਕਲਦੀ?

-ਗੁਰਦੇਵ ਸਿੰਘ ਸੱਧੇਵਾਲੀਆ


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਗੀਤ

ਗਿਆਨ ਦੀ ਜੋਤ ਜਗਾ ਓ ਸਜੱਣਾ,
ਚਾਨਣ ਨੂ ਪਰਨਾਅ ਓ ਸੱਜਣਾ
ਚਾਨਣ ਨੂੰ ਪਰਨਾਅ ਓ ਸੱਜਣਾ,
ਗਿਆਨ ਦੀ ਜੋਤ ਜਗਾ
ਸੱਚ ਦਾ ਦੀਪ ਜਗਾ ਓ ਸੱਜਣਾ,
ਰੂਹਾਂ ਨੂੰ ਰੁਸ਼ਨਾਅ
ਰੂਹਾਂ ਨੂੰ ਰੁਸ਼ਨਾਅ ਓ ਸੱਜਣਾ,
ਗਿਆਨ ਦੀ ਜੋਤ ਜਗਾ
ਮਜ਼ਲੂਮ ਦੇ ਨਾਲ ਖਲੋਇਆ ਕਰ ਤੂੰ,
ਉਸਨੂੰ ਆਸ ਬਨ੍ਹਾਅ ਓ ਸੱਜਣਾ
ਉਸਨੂੰ ਆਸ ਬਨ੍ਹਾਅ ਓ ਸਜੱਣਾ,
ਗਿਆਨ ਦੀ ਜੋਤ ਜਗਾ ਓ ਸੱਜਣਾ
ਕਿਰਤ ਦੀ ਉਂਗਲੀ ਫੜ ਕੇ,
ਓਸਨੂੰ ਏਕੇ ਵਿੱਚ ਲਿਆ ਓ ਸੱਜਣਾ
ਓਸਨੂੰ ਏਕੇ ਵਿੱਚ ਲਿਆ ਓ ਸੱਜਣਾ,
ਗਿਆਨ ਦੀ ਜੋਤ ਜਗਾ
ਸ਼ੈਤਾਨ ਤੋਂ ਤੋਬਾ ਕਰ ਕੇ,
ਇਨਸਾਨੀ ਅਪਣਾ ਓ ਸਜੱਣਾ
ਇਨਸਾਨੀ ਅਪਨਾ ਓ ਸੱਜਣਾ,
ਗਿਆਨ ਦੀ ਜੋਤ ਜਗਾ
ਅਗਿਆਨ ਨੂੰ ਦੂਰ ਭਜਾਵਣ ਖ਼ਾਤਿਰ,
ਗਿਆਨ ਦਾ ਦੀਪ ਜਲਾਅ
ਗਿਆਨ ਦਾ ਦੀਪ ਜਗਾ ਓ ਸੱਜਣਾ,
ਗਿਆਨ ਦੀ ਜੋਤ ਜਗਾ
ਜਗਤ ਚ ਹਾਸੇ ਭਰਨ ਖ਼ਾਤਿਰ,
ਅਮਨ ਦੀ ਫੜੀਏ ਰਾਹ
ਅਮਨ ਦਾ ਫੜੀਏ ਰਾਹ ਓ ਸੱਜਣਾ,
ਅਮਨ ਦਾ ਫੜੀਏ ਰਾਹ
ਨੂਰ ਨੂੰ ਖ਼ਿਲਾਰਨ ਖ਼ਾਤਿਰ,
ਆਪਣੇ ਆਤਮ ਨੂੰ ਰੁਸ਼ਨਾਅ
ਆਤਮ ਨੂੰ ਰੁਸ਼ਨਾ ਓ ਸੱਜਣਾ,
ਗਿਆਨ ਦੀ ਜੋਤ ਜਗਾ
ਨੱਥ ਜ਼ਬਰ ਨੂੰ ਪੌਣ ਲਈ ਤੂੰ,
ਜ਼ਾਬਰ ਨਾਲ ਟਕਰਾ
ਜਾਬਰ ਨਾਲ ਟਕਰਾ ਓ ਸਜੱਣਾ,
ਗਿਆਨ ਦੀ ਜੋਤ ਜਗਾ
ਔਰਤ ਜਾਤ ਨਾਲ ਸ਼ਾਮਿਲ ਹੋ ਕੇ ,
ਉਸਨੂੰ ਸਫ਼ਲ ਬਣਾ
ਉਸਨੂੰ ਸਫ਼ਲ ਬਣਾ ਓ ਸੱਜਣਾ,
ਗਿਆਨ ਦੀ ਜੋਤ ਜਗਾ



**–ਰੂਪਿੰਦਰ ਖਹਿਰਾ ਰੂਪੀ**

## ਪੈਰੋਲ ਦਾ ਹੱਕਦਾਰ?

ਹੁੰਦੇ 'ਹੱਥ'ਸਰਕਾਰਾਂ ਦੇ ਬਹੁਤ ਲੰਮੇਂ
ਨਿਆਂ-ਪ੍ਰਣਾਲੀ ਨੂੰ ਦਿੰਦੇ ਨੇ ਰੋਲ ਮੀਆਂ।
'ਕਾਰੇ' ਕਰੇ ਕੋਈ ਭਾਵੇਂ ਮੁਸ਼ਟੰਡਿਆਂ ਦੇ
'ਬਾਬਾ-ਵਾਦ' ਦੇ ਨਾਲ਼ ਹੀ ਤੋਲ ਮੀਆਂ।
ਅੱਖੀਂ ਘੱਟਾ ਕਾਨੂੰਨ ਦੇ ਪਾਉਣ ਵਾਲ਼ੇ
'ਚੋਰ-ਮੋਰੀਆਂ' ਲੈਂਦੇ ਹਨ ਟੋਲ਼ ਮੀਆਂ।
ਬੋਕ-ਰਾਜ ਹੀ ਭਾਵੇਂ ਹੁਣ ਆਖੀਏ ਜੀ
ਲੋਕਰਾਜ ਦਾ ਲਹਿ ਗਿਆ ਖੋਲ ਮੀਆਂ।
'ਸੂਓ-ਮੋਟੋ' ਦੇ ਕੰਨ ਵੀ ਖੋਲ੍ਹਦਾ ਨਹੀਂ
ਵੱਜ ਰਿਹਾ ਅਨਿਆਂ ਦਾ ਢੋਲ ਮੀਆਂ।
'ਵੋਟ-ਬੈਂਕ' ਜੋ 'ਭੇਡਾਂ' ਦਾ ਰੱਖਦਾ ਐ
ਮਿਲ਼ ਜਾਂਦੀ ਐ ਉਹਨੂੰ 'ਪੈਰੋਲ' ਮੀਆਂ!

**–ਤਰਲੋਚਨ ਸਿੰਘ 'ਦੁਪਾਲ ਪੁਰ'**
**78146-92724**

## ਦਰਦ ਗ਼ਰੀਬਾਂ ਦੇ

ਛੱਡ ਕੇ ਗੀਤ ਮੁਹੱਬਤਾਂ ਦੇ ਲਿਖ ਦਰਦ ਗ਼ਰੀਬਾਂ ਦੇ
ਕਲਮ ਦੇ ਰਾਹੀਂ ਹਾਲਾਤ ਦਸ ਹੁਣ ਬਦਨਸੀਬਾਂ ਦੇ
ਸਾੜ ਕੇ ਪਿੰਡੇ ਧੁੱਪੇ ਮੁੜ੍ਹਕੇ ਵਿਚ ਨਹਾਉਂਦੇ ਜੋ
ਦੱਸਦਾ ਹਾਂ ਕਿੱਸੇ ਕਿਰਤ ਤੇ ਤਾਲੂ ਲੱਗੀਆਂ ਜੀਭਾਂ ਦੇ
ਇਕਨਾਂ ਦੇ ਘਰ ਮਹਿਲ ਤੇ ਇਕਨਾਂ ਛੱਪਰ ਮਿਲਦਾ ਨਾ
ਛੇੜ ਤੂੰ ਗੱਲ ਸ੍ਰੋਤ ਅਸਾਵੇਂ ਤੇ ਫੈਲੀਆਂ ਬੇ-ਤਰਤੀਬਾਂ ਦੇ
ਹੱਡ ਤੋੜਵੀਂ ਮਿਹਨਤ ਕਰ ਨਾ ਪੈਂਦੀ ਪੂਰੀ ਏ
ਫਾਕੇ ਕੱਟਣ ਰਾਤਾਂ ਨੂੰ ਕਰ ਬਿਆਨ ਹਬੀਬਾਂ ਦੇ
ਦੇ ਕੇ ਕੰਮ ਕਮਿਸ਼ਨਾਂ ਲੈਂਦੇ ਰੱਤ ਚੂਸਣ ਹੱਡੀਆਂ ਦਾ
ਵਿਚ ਅਖ਼ਬਾਰਾਂ ਪਰਦੇ ਲਾਹ ਦੇ ਚੁਸਤ ਰਕੀਬਾਂ ਦੇ
ਬੰਧੂ ਮਿਹਨਤਕਸ਼ ਸੁਨਹਿਰੀ ਅੰਗ ਸਮਾਜ ਦਾ ਏ
ਕੋਈ ਤੇ ਨਗ਼ਮੇ ਗਜ਼ਲ ਕੋਰੜੇ ਲਿਖ ਅਦੀਬਾਂ ਦੇ।

**–ਨਿਰਮਲ ਸਿੰਘ ਰੱਤਾ**

## ਵਿਕਾਸ

ਵਿਕਾਸ ਚਲਿਆ ਸ਼ਮਸ਼ਾਨਘਾਟ ਵਲ,
ਮਜ਼ਦੂਰਾਂ ਵਲ ਆਉਂਦਿਆਂ ਜੂੜ ਪਿਆ।
ਕਿਰਤੀ ਨਾਨਕ ਦਾ ਅੱਜ ਵੀ ਸੌਂਵੇਂ ਭੁੱਖਾ,
ਮੁੱਲ ਮਿਹਨਤ ਦਾ ਬੜੀ ਹੈ ਦੂਰ ਗਿਆ।
ਤੰਗੀ ਹੋਣ 'ਤੇ ਜਿਹੜੇ ਨਾਚੀਜ਼ ਦਿੰਦੇ,
ਹਿਸਾਬ ਲਾਉਂਦੇ ਨੇ ਉਹ ਦਿਹਾੜੀਆਂ ਦਾ।
ਸਿਰੀਆਂ ਸੱਪਾਂ ਦੀਆਂ ਫਿਰ ਵੀ ਮਿੱਧੇ ਸੀਰੀ,
ਸਿਰ ਟੁੱਟੇ ਹਿਸਾਬ ਸਾਉਣੀਆਂ ਹਾੜੀਆਂ ਦਾ।
ਮੰਡੀ ਰੁਲੇ ਜਾਂ ਕੁਦਰਤ ਕਹਿਰ ਢਾਹਵੇ,
ਕਵੀ ਲਿਖਣ ਇਕ ਧਿਰ ਦੇ ਦਰਦ ਨੂੰ ਜੀ।
ਨਜ਼ਰ ਅੰਦਾਜ਼ ਨੇ ਕਰਦੇ ਆਏ ਸਦਾ,
ਗ਼ਰੀਬੜੇ ਮਜ਼ਦੂਰ ਸਿਰੜੀ ਮਰਦ ਨੂੰ ਜੀ।
ਮੁਸੀਬਤ ਆਈ ਤੋਂ ਮਜ਼ਦੂਰ ਨੇ ਸਾਥ ਦਿੰਦੇ,
ਮਜ਼ਦੂਰਾਂ ਵਾਰੀ ਕਿਉਂ ਵਖਰੇ ਹੋਣ ਨਾਅਰੇ।
ਕਿਰਤ ਅਪਣੀ ਨਾਲ ਹੀ ਕਰਨ ਗੁਜ਼ਾਰਾ,
ਸੁਣਦਾ ਕੋਈ ਨਾ ਇਨ੍ਹਾਂ ਦੇ ਦਰਦ ਭਾਰੇ।
ਜਿਹੜੇ ਲੁੱਟਣ ਵਿਕਾਸ ਦੇ ਨਾਂ ਉੱਤੇ,
ਸਿਰ ਨੱਪੀਏ ਉਹਨਾਂ ਲੁਟੇਰਿਆਂ ਦਾ।
ਮਸ਼ਾਲਾਂ ਬਾਲ ਕੇ ਤੁਰੀਏ ਘਰੋਂ ਆਪਾਂ,
ਜ਼ੁਲਮ ਹੋਰ ਨਹੀਂ ਸਹਿਣਾ ਹਨੇਰਿਆਂ ਦਾ।
ਰੋਟੀ ਛੱਡ ਕੇ ਸਿਖਿਆ ਕਰੋ ਹਾਸਲ,
ਲੁੱਟ ਅਪਣੀ ਨੂੰ ਜੇ ਤੁਸਾਂ ਨੇ ਰੋਕਣਾ ਏ।
ਦੈਂਤ ਮਾਰ ਕੇ ਰੂੜੀਵਾਦੀ ਰੀਤਾਂ ਵਾਲਾ,
ਅੱਗ ਗਿਆਨ ਦੀ ਵਿਚ ਹੀ ਝੋਕਣਾ ਏ।

**– ਜਸਵੰਤ ਗਿੱਲ ਸਮਾਲਸਰ**

## ਗ਼ਜ਼ਲ

ਜਦ ਉਸ ਹੱਥੀਂ ਪੱਥਰ ਫੜਿਆ ਹੁੰਦਾ ਏ।
ਹਰ ਸ਼ੀਸ਼ੇ ਨੇ ਹੌਕਾ ਭਰਿਆ ਹੁੰਦਾ ਏ।
ਪਾਗਲ ਭੀੜ ਜਦੋਂ ਵੀ ਨਿਕਲੇ ਰਾਹਾਂ 'ਤੇ
ਹਰ ਬੰਦਾ ਹੀ ਓਦੋਂ ਡਰਿਆ ਹੁੰਦਾ ਏ।
ਅੱਜ ਕੱਲ੍ਹ ਸੀਸ ਕਟਾਉਣਾ ਪੈਂਦਾ ਸੱਚੇ ਨੂੰ
ਝੂਠਾਂ ਅੱਗੇ ਜਿਹੜਾ ਅੜਿਆ ਹੁੰਦਾ ਏ।
ਮਰ ਜਾਵਣ ਦੀ ਗੱਲ ਜਦ ਕਰਦਾ ਰੋ ਰੋ ਕੇ
ਬੰਦਾ ਓਦੋਂ ਦਿਲ ਤੋਂ ਸਤਿਆ ਹੁੰਦਾ ਏ।
ਹੋਰ ਵਸਾਉਣਾ ਦਿਲ ਵਿੱਚ ਔਖਾ ਕੰਮ ਹੁੰਦਾ
ਜਦ ਪਹਿਲਾਂ ਹੀ ਕੋਈ ਵਸਿਆ ਹੁੰਦਾ ਏ।
ਜੱਗ ਤੋਂ ਲੰਘ ਜਾਂਦਾ ਹੈ ਉਹ ਬਿਨ ਡਿੱਗਿਆਂ ਹੀ
ਜਿਸਦਾ ਹੱਥ ਉਸ ਦਾਤੇ ਫੜਿਆ ਹੁੰਦਾ ਏ।
ਭੀੜ ਪਤਾ ਕਿਉਂ ਰਹਿੰਦੀ ਅੱਜਕਲ੍ਹ ਰਾਹਾਂ ਤੇ?
ਰਾਹ ਤੇ ਲੋਕਾਂ ਕਬਜ਼ਾ ਕਰਿਆ ਹੁੰਦਾ ਏ।
ਉਸਦਾ ਮੰਜਿਲ ਉੱਤੇ ਪੁੱਜਣਾ ਲਾਜ਼ਮ ਹੈ
ਜੋ ਮੰਜਿਲ ਨੂੰ ਮਿਥਕੇ ਤੁਰਿਆ ਹੁੰਦਾ ਏ।
ਬਿਨ ਠੋਕਰ ਦੇ ਟੁੱਟਦਾ ਨਹੀਓਂ ਪਾਪ ਘੜਾ
ਚਾਹੇ ਗਲ਼ ਤੱਕ ਪੂਰਾ ਭਰਿਆ ਹੁੰਦਾ ਏ।

**ਹਰਦੀਪ ਬਿਰਦੀ, 9041600900**

## ਨਿੰਮ ਦੇ ਪੱਤੇ

**ਜਸਪਾਲ ਜੱਸੀ**

ਇੱਕ ਨਵੇਂ ਨਿੱਕੇ ਸਾਥੀ ਮਨੁੱਖ ਦੀ ਆਮਦ 'ਤੇ
ਦਿਲ ਦਰਿਆ ਸਮੁੰਦਰੋਂ ਡੂੰਘੇ
ਕੌਣ ਦਿਲਾਂ ਦੀਆਂ ਜਾਣੇ
ਖ਼ੁਸ਼ੀਆਂ ਉੱਤੇ, ਯੁੱਗਾਂ ਲੰਮੇਂ
ਰੀਤਾਂ ਦੇ ਪਰਛਾਵੇਂ
ਬੂਹੇ ਉੱਤੇ ਨਿੰਮ ਦੇ ਪੱਤੇ
ਹੋਕਾ ਜੱਗ ਲਈ
ਪੁੱਤਰ ਜੰਮਿਆ, ਇਸ ਵਾਰੀ
ਨਾ ਭੇਜੀ ਰੱਬ ਨੇ ਧੀ
ਢੋਲ ਮਰਾਸੀ ਦੇ ਲਈ
ਸੱਦਾ, ਨਿੰਮ ਦੇ ਪੱਤੇ
ਗਾਵੇ, ਡਗਾ ਲਾਵੇ
ਨਿੰਮ ਦੀ ਬਰਕਤ ਦੱਸੇ
''ਜਿੱਥੇ ਪੱਤਰ ਨਿੰਮ ਦੇ ਬੱਝਣ
ਆਉਣ ਮਰਾਸੀ
ਧੀ ਜੰਮੇ, ਨਾ ਦਰਵਾਜ਼ੇ 'ਤੇ
ਜਾਣ ਮਰਾਸੀ''
''ਭਾਗ ਲੱਗਣ ਸਰਦਾਰਾ
ਕੁਲਾਂ ਸਲਾਮਤ ਹੋ ਗਈਆਂ
ਸਰਦਾਰਨੀਏ! ਅੱਜ ਗੁੱਡੀਆਂ
ਅੰਬਰੀਂ ਛੋਹ ਗਈਆਂ''
''ਸਭ ਨੂੰ ਦੇਵੀਂ, ਸਿਜਦਾ ਕਰ
ਅੱਲਾ ਨੂੰ ਆਖੀਦਾ
ਤੇਰੀ ਰਹਿਮਤ, ਨਿੰਮ ਦੇ ਪੱਤੇ
ਰਿਜਕ ਮਰਾਸੀ ਦਾ''
ਵਿਤਕਰਿਆਂ ਤੇ ਚਾਵਾਂ ਦੀ
ਤੰਦ ਕਿੰਨੀ ਸਾਂਝੀ ਹੈ
ਰਹਿਤਲ ਦੀ ਮਿੱਠੀ ਘੂਕਰ ਵਿੱਚ
ਘੁਲ ਮਿਲ ਜਾਂਦੀ ਹੈ
ਊਚ ਨੀਚ ਵਿੱਚ ਲਿਪਟੇ ਨੇ
ਖ਼ੁਸ਼ੀਆਂ ਦੇ ਰਾਗ ਕਿਉਂ
ਚੰਨ ਵਰਗੇ ਚਾਵਾਂ ਉੱਤੇ
ਚੰਨ ਵਾਂਗਰ ਦਾਗ਼ ਕਿਉਂ
ਖ਼ੁਸ਼ ਹੋਵੇਗਾ ਮੇਰਾ ਨਾਨਕ
ਜੇ ਮੈਂ ਸੁਆਲ ਕਰਾਂ
ਜੱਗ ਦੀਆਂ ਰੀਤਾਂ
'ਏਕ ਨੂਰ' ਤੋਂ
ਕਿਉਂ ਨਾ ਉਪਜਦੀਆਂ
ਜੱਗ ਅਜੇ ਵੀ ਨਿੰਮ ਦੇ ਪੱਤੇ
ਬੂਹੇ ਟੰਗਦਾ ਹੈ
ਸੱਭਿਆਚਾਰ ਦਾ ਬਾਲ
ਪੰਘੂੜੇ ਲੋਰੀ ਮੰਗਦਾ ਹੈ।


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886
SINGH THIND & ASSOCIATES
BARRISTERS & SOLICITORS

# ਹਸਗੁੱਲੇ

ਇੱਕ ਕੰਡਕਟਰ ਦਾ ਵਿਆਹ ਹੋ ਰਿਹਾ ਸੀ, ਫੇਰੇ ਲੈ ਕੇ ਲਾੜੀ ਆ ਕੇ ਉਸਦੇ ਕੋਲ ਬੈਠ ਗਈ ਤਾਂ ਕੰਡਕਟਰ ਨੇ ਕਿਹਾ ਥੋੜਾ ਨੇੜੇ ਬੈਠੋ, ਉਹ ਇੱਕ ਹੋਰ ਸਵਾਰੀ ਬੈਠ ਸਕਦੀ ਹੈ!

888

ਸੰਤਾ: ਮੈਨੂੰ ਫ਼ੋਨ ਤੇ ਧਮਕੀਆਂ ਮਿਲ ਰਹੀਆ ਹਨ?

ਪੁਲਿਸ: ਕੀ ਕਹਿ ਕੇ ਧਮਕੀਆ ਦੇ ਰਹੇ ਹਨ?

ਸੰਤਾ: ਟੈਲੀਫੋਨ ਵਾਲੇ ਬੋਲਦੇ ਹਨ "ਬਿਲ ਨਹੀਂ ਭਰੋਗੇ ਤਾਂ ਕੱਟ ਦਿਆਗੇ।"

***********

ਇੱਕ ਦਿਨ ਸੰਤਾ ਮੰਦਰ ਗਿਆ, ਲੋਕ ਭਜਨ ਗਾ ਰਹੇ ਸੀ

"ਦਰਸ਼ਨ ਦੇ ਗਰੀਬਾਂ ਨੂੰ, ਦਰਸ਼ਨ ਦੇ ਗਰੀਬਾਂ ਨੂੰ"...

ਸੰਤੇ ਦੀ ਨੂੰਹ ਦਾ ਨਾਂ "ਦਰਸ਼ਨ ਰਾਣੀ" ਸੀ, ਸੰਤੇ ਨੂੰ ਗੁਸਾ ਆ ਗਿਆ,

ਤੇ ਓਹ ਭੀ ਉੱਚੀ ਉੱਚੀ ਗਾਉਣ ਲੱਗ ਪਿਆ, "ਦਰਸ਼ਨ ਮੇਰੇ ਮੁੰਡੇ ਦੀ ਬਹੂ, ਓਹ ਤਾ ਮੇਰੇ ਮੁੰਡੇ ਦੀ ਰਹੂ, ਬਾਕੀ ਗਲ ਨਸੀਬਾਂ ਦੀ, ਐਵੇਂ ਕਿਵੇ ਗਰੀਬਾਂ ਦੀ"

***********

ਇੱਕ ਬੱਚੇ ਦੀ ਨਾਨੀ ਛੋਟੇ ਬੱਚੇ ਨੂੰ ਸੁਲਾਅ ਲਈ ਸੀ ਤੇ ਕਹਿ ਰਹੀ ਸੀ ਸੌਂ ਜਾ 'ਡਿਗਰੀ' ਸੌਂ ਜਾ!

ਤਾਂ ਪੜੋਸਨ ਨੇ ਪੁਛਿਆ ਇਸਨੂੰ 'ਡਿਗਰੀ' ਕਿਉਂ ਬੁਲਾ ਰਹੀ ਹੈ?

ਤਾਂ ਨਾਨੀ ਨੇ ਕਿਹਾ, 'ਮੇਰੀ ਕੁੜੀ ਚੰਡੀਗੜ੍ਹ ਡਿਗਰੀ ਲੈਣ ਗਈ ਸੀ ਆਹ ਲੈ ਕੇ ਆ ਗਈ"!

***********

ਇਕ ਦਰਜ਼ੀ ਲੋਕਾਂ ਦੇ ਕਪੜੇ ਲੈ ਕੇ ਫਰਾਰ ਹੋ ਗਿਆ!

ਕੋਈ ਕਹਿੰਦਾ ਮੇਰੀ ਪੈਂਟ ਲੈ ਗਿਆ,ਕੋਈ ਕਹਿੰਦਾ ਮੇਰੀ ਕਮੀਜ਼ ਲੈ ਗਿਆ,

ਬਸੰਤੀ ਨੇ ਰੋਂਦੀ ਹੋਈ ਕਹਿੰਦੀ "ਰਾਇ ਰੱਬਾ ਮੈਂ ਕੀ ਕਰੂੰਗੀ ਮੇਰਾ ਤਾਂ ਨਾਪ ਮੈ ਲੈ ਕੈ ਗਿਆ......

***********

ਅਧਿਆਪਕ : ਰਾਜੂ, ਤੂੰ ਕਿਸ ਲਈ ਕਾਲਜ ਆਏ ਹੋ? ,

ਵਿਦਿਆਰਥੀ: ਵਿਦਿਆ ਲਈ!

ਟੀਚਰ: ਤਾਂ ਫਿਰ ਕਲਾਸ ਵਿੱਚ ਸੁੱਤਾਂ ਕਿਉਂ ਪਿਆ?

ਵਿਦਿਆਰਥੀ: 'ਸਰ! ਅੱਜ ਵਿਦਿਆ ਨਹੀਂ ਆਈ'

888

ਡਾਕਟਰ (ਮਰੀਜ਼ ਨੂੰ) ਇਹ ਦਵਾ ਇੱਕ ਹਫਤੇ ਲਈ ਲਵੋ ਫਿਰ ਆ ਕੇ ਮਿਲੋ!

ਮਰੀਜ਼: ਠੀਹ ਹੈ ਡਾਕਟਰ ਸਾਹਿਬ

( ਇੱਕ ਹਫਤੇ ਮਗਰੋਂ))

ਡਾਕਟਰ:ਕੀ ਦਵਾ ਖਤਮ ਹੋ ਗਈ?

ਮਰੀਜ਼: ਨਹੀਂ ਡਾਕਟਰ।

ਡਾਕਟਰ : ਕਿਉ ਨਹੀਂ ?

ਮਰੀਜ਼: ਦਵਾਈ ਤੇ ਲਿਖਿਆ ਸੀ ਬੋਤਲ ਕੋ ਹਮੇਸ਼ਾਂ ਬੰਦ ਰਖੋ।

***********

ਰਾਮੂ ( ਆਪਣੇਂ ਦੋਸਤ ਨੂੰ)–ਅਗਰ ਤੈਨੂੰ 1 ਲੱਖ ਮਿਲ ਜਾਵੇ ਤਾਂ ਕੀ ਕਰੇਂਗਾ?

ਸ਼ਾਮੂ–ਮੈਂ ਖੁਸ਼ੀ ਵਿੱਚੇ ਪਾਗਲ ਹੋ ਜਾਉਂਗਾ ਅਤੇ ਜ਼ਿੰਦਗੀ ਭਰ ਇਨਾ ਪੈਸਿਆਂ ਨਾਲ ਆਪਣਾ ਇਲਾਜ ਕਰਾਂਵਾਂਗਾ..

***********

ਦੀਪੂ ( ਦੋਸਤ ਨੂੰ)–ਓਏ, ਭਾਬੀ ਦਾ ਕੀ ਨਾਮ ਹੈ?

ਰਿੰਪੂ –ਗੂਗਲ ਦੇਵੀ!

ਦੀਪੂ:–ਇਹ ਕਿਹੋ ਜਿਹਾ ਨਾਮ?

ਰਿੰਪੂ–ਸਵਾਕ ਇੱਕ ਪੁੱਛੋ ਜਵਾਬ 10 ਦਿੰਦੀ ਹੈ।

***********

ਪਤੀ: ਮੈਨੂੰ ਲੱਗਦਾ ਹੈ ਕਿ ਸਾਨੂੰ ਪੰਜਾਬੀ ਸਿੱਖਣੀ ਚਾਹੀਦੀ ਹੈ!

ਪਤਨੀ : ਕਿਉਂ ?

ਪਤੀ: ਅਸੀਂ ਇੱਕ ਪੰਜਾਬੀ ਬੱਚਾ ਗੋਦ ਲਿਆ ਹੈ। ਜਦੋਂ ਉਹ ਵੱਡਾ ਹੋ ਗਿਆ ਤੇ ਗੱਲਾਂ ਕਰੇਗਾ, ਤਾਂ ਅਸੀਂ ਇਹ ਨਹੀਂ ਸਮਝ ਸਕਾਂਗੇ ਕਿ ਉਹ ਕੀ ਕਹਿ ਰਿਹਾ ਹੈ।

888

ਵਾਹ ਜੀ ਵਾਹ

ਜਿਹਨਾਂ ਦੀ ਸ਼ਕਲ ਮਿਲਦੀ ਹੈ ਉਹ ਭੈਣ ਭਰਾ ਹੁੰਦੇ ਹਨ!ਜਿਹਨਾਂ ਦੀ ਅਕਲ ਮਿਲਦੀ ਉਹ ਦੋਸਤ ਹੁੰਦੇ ਹਨ! ਜਿਨ੍ਹਾਂ ਦੀ ਨਾ ਅਕਲ ਮਿਲਦੀ ਨਾ ਸ਼ਕਲ ਉਹ ਪਤੀ ਪਤਨੀ ਹੁੰਦੇ ਹਨ !!!

***********

ਅਸ਼ੋਕ, "ਘਰ ਦਾ ਸੇਬ ਦਾਲ ਬਰਾਬਰ।"

ਸੋਨੂੰ, "ਭਰਾ, ਇਹ ਮੁਹਾਵਰਾ ਤਾਂ ਮੁਰਗੀ ਬਾਰੇ ਹੈ।"

ਅਸ਼ੋਕ, "ਪਤਾ ਹੈ ਯਾਰ, ਪਰ ਅਸੀਂ ਵੈਜੀਟੇਰੀਅਨ ਹਾਂ।"

***********

ਰਵੀ, "ਓਏ, ਤੇਰਾ ਇੱਕ ਦੰਦ ਨੀਲਾ ਕਿਉਂ ਹੈ?"

ਸੁਰਜੀਤ, "ਮੈਂ ਸਿਆਹੀ ਲਾਈ ਹੈ।"

ਰਵੀ, "ਕਿਉਂ?"

ਸੁਰਜੀਤ, "ਕਿਉਂਕਿ ਅੱਜਕੱਲ੍ਹ ਬਲੂਟੁੱਥ ਦਾ ਜ਼ਮਾਨਾ ਹੈ।"

***********

ਇੱਕ ਵਾਰ ਇੱਕ ਕੀੜੀ ਆਟੋ ਵਿੱਚ ਜਾ ਰਹੀ ਸੀ। ਉਸ ਨੇ ਆਪਣਾ ਪੈਰ ਆਟੋ 'ਚ ਬਾਹਰ ਕੱਢ ਲਿਆ, "ਆਟੋ ਵਾਲਾ ਬੋਲਿਆ, "ਮੈਡਮ, ਆਪਣਾ ਪੈਰ ਅੰਦਰ ਕਰ ਲਵੋ।"

ਕੀੜੀ, "ਤੂੰ ਚੁੱਪ ਕਰ, ਮੈਂ ਹਾਥੀ ਨੂੰ ਲੱਤ ਮਾਰਨੀ ਹੈ, ਉਸ ਨੇ ਮੈਨੂੰ ਕੱਲ੍ਹ ਅੱਖ ਮਾਰੀ ਸੀ।"

***********

ਰੋਹਿਤ, "ਯਾਰ, ਤੂੰ ਆਪਣੀ ਪਤਨੀ ਨੂੰ ਹਮੇਸ਼ਾ ਨਾਈਟ ਕਲੱਬ ਹੀ ਕਿਉਂ ਲੈ ਕੇ ਜਾਂਦਾ ਏਂ?"

ਮੋਹਿਤ, "ਕੀ ਕਰਾਂ ਯਾਰ, ਜਦੋਂ ਤੱਕ ਉਹ ਤਿਆਰ ਹੁੰਦੀ ਹੈ, ਨਾਈਟ ਕਲੱਬ ਤੋਂ ਇਲਾਵਾ ਸਾਰੀਆਂ ਥਾਵਾਂ ਬੰਦ ਹੋ ਚੁੱਕੀਆਂ ਹੁੰਦੀਆਂ ਹਨ।"

***********

ਇੱਕ ਸਾਹਿਬ ਨੇ ਅਨਪੜ੍ਹ ਨੌਕਰ ਰੱਖ ਲਿਆ। ਉਨ੍ਹਾਂ ਨੌਕਰ ਨੂੰ ਕਿਹਾ, "ਕਿਸੇ ਦਾ ਵੀ ਨਾਂਅ ਲੈਣ ਤੋਂ ਪਹਿਲਾਂ ਜੀ ਜ਼ਰੂਰ ਲਾ ਲਿਆ ਕਰ।"

ਥੋੜ੍ਹੀ ਦੇਰ ਬਾਅਦ ਨੌਕਰ ਭੱਜਦਾ ਹੋਇਆ ਆਇਆ ਅਤੇ ਮਾਲਕ ਨੂੰ ਬੋਲਿਆ, "ਸਾਹਿਬ ਜੀ, ਕੁੱਤੇ ਜੀ ਨੇ ਮੁਰਗੇ ਜੀ ਨੂੰ ਫੜ ਲਿਆ ਹੈ।"

***********

ਦੋ ਔਰਤਾਂ ਗੱਲਾਂ ਕਰ ਰਹੀਆਂ ਸਨ। ਪਹਿਲੀ, "ਭੈਣੇ, ਤੂੰ ਰੋਜ਼ ਆਪਣੇ ਪਤੀ ਨਾਲ ਸਿਰਫ 15–20 ਮਿੰਟ ਹੀ ਲੜਦੀ ਏਂ ਤਾਂ ਫਿਰ ਕੱਲ੍ਹ ਰਾਤ ਘੰਟਿਆਂ ਬੱਧੀ ਕਿਉਂ ਲੜਦੀ ਰਹੀ?"

ਦੂਜੀ, "ਉਹ ਇੱਕ ਹਫਤੇ ਲਈ ਟੂਰ 'ਤੇ ਜਾ ਰਿਹਾ ਸੀ ਨਾ। ਕੋਟਾ ਤਾਂ ਪੂਰੀ ਕਰਨਾ ਸੀ।"88

ਅਧਿਆਪਕਾ, "ਇੱਕ ਦਿਨ ਅਜਿਹਾ ਆਏਗਾ ਜਦੋਂ ਧਰਤੀ 'ਤੇ ਪਾਣੀ ਨਹੀਂ ਰਹੇਗਾ। ਸਾਰੇ ਜੀਵ ਨਸ਼ਟ ਹੋ ਜਾਣਗੇ। ਧਰਤੀ ਤਬਾਹ ਹੋ ਜਾਏਗੀ।"

ਪੱਪੂ, "ਮੈਡਮ ਜੀ, ਉਸ ਦਿਨ ਵੀ ਟਿਊਸ਼ਨ ਆਉਣਾ ਪਵੇਗਾ।"

***********

ਦੋਸਤ ਦੇ ਵਿਆਹ 'ਚ ਪ੍ਰਵੀਨ ਨੇ ਮਨੋਜ ਤੋਂ ਪੁੱਛਿਆ, "ਕੀ ਤੁਸੀਂ ਡਾਂਸ ਕਰਨਾ ਪਸੰਦ ਕਰੋਗੇ?"

ਮਨੋਜ ਖੁਸ਼ ਹੁੰਦੇ ਹੋਏ ਬੋਲਿਆ, "ਹਾਂ–ਹਾਂ।"

ਪ੍ਰਵੀਨ, "...ਤਾਂ ਫਿਰ ਉਠੋ, ਤੁਹਾਡੀ ਕੁਰਸੀ ਮੈਂ ਲੈ ਲਵਾਂ।"

***********

ਅਧਿਆਪਕ, "ਇੰਨੀ ਮਾਰ ਖਾ ਕੇ ਹੱਸ ਰਹੇ ਹੋ, ਸ਼ਰਮ ਆਉਣੀ ਚਾਹੀਦੀ ਹੈ ਤੁਹਾਨੂੰ?"

ਵਿਦਿਆਰਥੀ, "ਸ਼ਰਮ ਕਾਹਦੀ ਸਰ! ਵਿਦਵਾਨਾਂ ਦਾ ਕਹਿਣਾ ਹੈ ਕਿ ਮੁਸੀਬਤਾਂ ਨੂੰ ਹੱਸ ਕੇ ਝੱਲਣਾ ਚਾਹੀਦਾ ਹੈ।"

***********

ਡਾਕਟਰ ਨੇ ਲਾਲੂ ਦਾ ਚੈਕਅਪ ਕੀਤਾ ਅਤੇ ਬਾਹਰ ਆ ਕੇ ਉਸ ਦੀ ਪਤਨੀ ਨੂੰ ਕਿਹਾ, "ਆਪਣੇ ਪਤੀ ਨੂੰ ਰੋਜ਼ਾਨਾ ਪੌਸ਼ਟਿਕ ਨਾਸ਼ਤਾ ਦਿਓ। ਉਨ੍ਹਾਂ ਨੂੰ ਹਮੇਸ਼ਾ ਖੁਸ਼ ਰੱਖੋ।

ਕਿਸੇ ਪ੍ਰੇਸ਼ਾਨੀ 'ਤੇ ਉਨ੍ਹਾਂ ਨਾਲ ਬਹਿਸ ਨਾ ਕਰੋ। ਟੀ ਵੀ ਸੀਰੀਅਲ ਦੇਖਣੇ ਛੱਡ ਦਿਓ। ਨਵੇਂ ਕੱਪੜਿਆਂ ਅਤੇ ਗਹਿਣਿਆਂ ਦੀ ਮੰਗ ਨਾ ਕਰੋ ਅਤੇ ਉਨ੍ਹਾਂ ਨੂੰ ਬੋਲਣ ਦਾ ਮੌਕਾ ਦਿਓ। ਜੇ ਤੁਸੀਂ ਇੱਕ ਸਾਲ ਅਜਿਹਾ ਕਰੋਗੇ ਤਾਂ ਤੁਹਾਡੇ ਪਤੀ ਬਿਲਕੁਲ ਠੀਕ ਹੋ ਜਾਣਗੇ।

ਉਥੋਂ ਵਾਪਸ ਆਉਣ ਵੇਲੇ ਲਾਲੂ ਨੇ ਪਤਨੀ ਨੂੰ ਪੁੱਛਿਆ, "ਡਾਕਟਰ ਨੇ ਕੀ ਦੱਸਿਆ?

"ਪਤਨੀ, "ਡਾਕਟਰ ਨੇ ਕਿਹਾ ਹੈ ਕਿ ਤੁਹਾਡਾ ਬਚਣਾ ਮੁਸ਼ਕਲ ਹੈ।"

***********

ਚੰਪੂ ਆਪਣੇ ਕੁੱਤੇ ਨੂੰ ਫੜ ਕੇ ਉਸ ਦੀ ਪੂਛ ਪਾਈਪ ਵਿੱਚ ਪਾ ਰਿਹਾ ਸੀ। ਇਹ ਦੇਖ ਕੇ ਗੰਪੂ ਬੋਲਿਆ, "ਓਏ, ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੁੰਦੀ।"

ਚੰਪੂ, "ਪਤਾ ਹੈ ਮੈਨੂੰ, ਮੈਂ ਤਾਂ ਪਾਈਪ ਵਿੰਙਾ ਕਰਨਾ ਹੈ।"

***********

ਸੁਨੀਲ (ਰਵੀ ਨੂੰ), "ਯਾਰ, ਇਹ ਆਟੋਮੈਟੀਕਲੀ ਕੀ ਹੁੰਦਾ ਹੈ?"

ਰਵੀ, "ਸਿੰਪਲ ਹੈ ਯਾਰ, ਜਦੋਂ ਕੋਈ ਗੰਜੀ ਔਰਤ ਆਟੋ ਵਿੱਚ ਬੈਠ ਜਾਏ ਤਾਂ ਕਹਿੰਦੇ ਹਨ ਆਟੋ ਮੇਂ ਟਕਲੀ।"

***********

"ਮੈਨੂੰ ਵੀ ਦੇਖਣ ਦਿਓ, ਕਿਸ ਦਾ ਐਕਸੀਡੈਂਟ ਹੋਇਆ ਹੈ?" ਇੱਕ ਆਦਮੀ ਭੀੜ ਨੂੰ ਹਟਾਉਂਦਾ ਹੋਇਆ ਬੋਲਿਆ।

ਜਦੋਂ ਕੋਈ ਨਾ ਹਟਿਆ ਤਾਂ ਉਹ ਚਿਲਾਉਂਦਾ ਹੋਇਆ ਬੋਲਿਆ, "ਜਿਸ ਦਾ ਐਕਸੀਡੈਂਟ ਹੋਇਆ ਹੈ, ਮੈਂ ਉਸ ਦਾ ਪਿਤਾ ਹਾਂ।"

ਰਸਤਾ ਮਿਲ ਗਿਆ ਅਤੇ ਦੇਖਿਆ ਤਾਂ ਇੱਕ ਗਧਾ ਮਰਿਆ ਪਿਆ ਸੀ।

***********

ਬੌਸ ਦੀ ਨਵੀਂ ਕਾਰ ਦੇਖ ਕੇ ਕਰਮਚਾਰੀ ਖੁਸ਼ ਹੋ ਕੇ ਬੋਲਿਆ, "ਵਾਹ ਸਰ! ਬੜੀ ਵਧੀਆ ਗੱਡੀ ਹੈ।"

ਬੌਸ ਨੇ ਉਸ ਦੇ ਮੋਢਿਆਂ 'ਤੇ ਹੱਥ ਰੱਖ ਕੇ ਕਿਹਾ, "ਤੂੰ ਜੇ ਈਮਾਨਦਾਰੀ ਨਾਲ ਕੰਮ ਕਰੇਂਗਾ, ਜੀਅ ਲਾ ਕੇ ਮਿਹਨਤ ਕਰੇਂਗਾ, ਵੇਲੇ ਸਿਰ ਆਵੇਂਗਾ, ਛੁੱਟੀਆਂ ਨਹੀਂ ਲਵੇਂਗਾ, ਓਵਰ ਟਾਈਮ ਕਰੇਂਗਾ ਅਤੇ ਟਾਰਗੇਟ ਪੂਰਾ ਕਰੇਂਗਾ ਤਾਂ ਅਗਲੀ ਵਾਰ ਮੈਂ ਇਸ ਤੋਂ ਵੀ ਵੱਡੀ ਗੱਡੀ ਲਵਾਂਗਾ।"




# ਸਿੱਖ ਜਥੇਬੰਦੀਆਂ ਵੱਲੋਂ ਡੇਰਾ ਮੁਖੀ ਦੇ ਵਰਚੁਅਲ ਸਤਿਸੰਗ ਦਾ ਵਿਰੋਧ

## ਸਲਾਬਤਪੁਰਾ ਡੇਰੇ ਵੱਲ ਜਾਣ ਵਾਲੇ ਰਾਹ 'ਤੇ ਆਵਾਜਾਈ ਰੋਕੀ:ਪੁਲੀਸ ਨੇ ਸਿੱਖ ਵਰਕਰ ਹਿਰਾਸਤ 'ਚ ਲਏ

ਭਗਤਾ ਭਾਈ-ਸ਼੍ਰੋਮਣੀ ਅਕਾਲੀ ਦਲ (ਅ) ਤੇ ਹੋਰ ਸਿੱਖ ਜਥੇਬੰਦੀਆਂ ਨੇ ਡੇਰਾ ਸਿਰਸਾ ਦੇ ਮੁਖੀ ਪੰਜਾਬ ਵਿਚਲੇ ਆਪਣੇ ਹੈੱਡਕੁਆਰਟਰ ਡੇਰਾ ਸਲਾਬਤਪੁਰਾ ਵਿੱਚ ਕੀਤੇ ਜਾ ਰਹੇ ਵਰਚੁਅਲ ਸਤਿਸੰਗ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਡੇਰੇ ਨੂੰ ਜਾਣ ਵਾਲੇ ਮੁੱਖ ਰਸਤੇ ਬਾਜਾਖਾਨਾ- ਬਰਨਾਲਾ ਸੜਕ 'ਤੇ ਪਿੰਡ ਜਲਾਲ ਦੇ ਬੱਸ ਅੱਡੇ ਕੋਲ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ। ਜਥੇਬੰਦੀਆਂ ਦੇ ਵਿਰੋਧ ਕਾਰਨ ਬਾਜਾਖਾਨਾ-ਬਰਨਾਲਾ ਸੜਕ ਤੇ ਵੱਡਾ ਜਾਮ ਲੱਗ ਗਿਆ, ਜਿਸ ਨੂੰ ਪੁਲੀਸ ਨੇ ਮਗਰੋਂ ਖੁੱਲ੍ਹਵਾ ਦਿੱਤਾ। ਇਸ ਮੌਕੇ ਜਦੋਂ ਪੁਲੀਸ ਨੇ ਧਰਨਾ ਲਗਾਉਣ ਵਾਲੇ ਕਾਰਕੁਨਾਂ ਨੂੰ ਬੱਸਾਂ ਵਿੱਚ ਹੈ ਬਿਠਾਉਣ ਦਾ ਯਤਨ ਕੀਤਾ ਤਾਂ ਉਨ੍ਹਾਂ ਪੁਲੀਸ ਖ਼ਿਲਾਫ਼ ਵੀ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੁਲੀਸ ਵਿਭਾਗ ਵੱਲੋਂ ਸਵੇਰੇ ਹੀ ਵੱਡੀ ਗਿਣਤੀ ਪੁਲੀਸ ਮੁਲਾਜ਼ਮ ਇਸ ਥਾਂ 'ਤੇ ਤਾਇਨਾਤ ਕਰ ਦਿੱਤੇ ਗਏ ਸਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਭਾਈ ਰਣਜੀਤ ਸਿੰਘ ਵਾਂਦਰ, ਬਾਬਾ ਬਲਜਿੰਦਰ ਸਿੰਘ ਲੱਛਾ,ਦਮਦਮੀ ਟਕਸਾਲ ਦੇ ਬਾਬਾ ਰੇਸ਼ਮ ਸਿੰਘ,ਗੁਰਚਰਨ ਸਿੰਘ ਭਗਤਾ, ਡਾ. ਬਲਜੀਤ ਸਿੰਘ ਸਰਾਵਾਂ ਤੇ ਹੋਰਨਾਂ ਨੇ ਦੋਸ਼ ਲਾਇਆ ਕਿ ਡੇਰਾ ਸਿਰਸਾ ਮੁਖੀ ਜਾਣ-ਬੁੱਝ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਦਾ ਨਾਂ ਬੇਅਦਬੀ ਮਾਮਲੇ ਵਿਚ ਆਉਣ ਦੇ ਬਾਵਜੂਦ ਪੰਜਾਬ ਸਰਕਾਰ ਉਸ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਪੁਲਿਸ ਪਹਿਰੇ ਹੇਠ ਉਸਦੀਆਂ ਨਾਮ ਚਰਚਾਵਾਂ ਕਰਵਾ ਰਹੀ ਹੈ। ਉਨ੍ਹਾਂ ਡੇਰਾ ਸਿਰਸਾ ਮੁਖੀ ਨੂੰ ਮੁੜ-ਮੁੜ ਪੈਰੋਲ ਦੇਣ 'ਤੇ ਵੀ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਇੱਕ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਤੇ ਦੂਜੇ ਪਾਸੇ ਸੰਗੀਨ ਦੋਸ਼ਾਂ ਹੇਠ ਸਜ਼ਾ ਭੁਗਤ ਰਹੇ ਡੇਰਾ ਮੁਖੀ ਨੂੰ ਚਾਰ ਵਾਰ ਪੈਰੋਲ ਤੇ ਰਿਹਾਅ ਕੀਤਾ ਗਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਡੇਰਾ ਮੁਖੀ ਦੇ ਸਤਿਸੰਗ ਬੰਦ ਨਾ ਕਰਵਾਏ ਗਏ ਤਾਂ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਸੌਦਾ ਸਾਧ ਨੂੰ ਪੈਰੋਲ ਕਿਉਂ?



ਖਤਰਨਾਕ ਅਪਰਾਧੀ ਡੇਰਾ ਸਿਰਸਾ ਮੁਖੀ ਗਰਮੀਤ ਰਾਮ ਰਹੀਮ ਬੀਤੇ ਹਫਤੇ ਸਿਆਸੀ ਪ੍ਰਭਾਵ ਅਧੀਨ ਮੁੜ ਜੇਲ੍ਹ ਤੋਂ ਬਾਹਰ ਆ ਗਿਆ ਹੈ।ਇਸ ਦੌਰਾਨ ਰਾਮਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਡੇਰਾ ਮੁਖੀ ਦੀ ਪੈਰੋਲ ਨੂੰ ਲੈ ਕੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਸਰਕਾਰ ਸਿਆਸੀ ਲਾਭ ਲੈਣ ਲਈ ਵਾਰ-ਵਾਰ ਸੌਦੇ ਸਾਧ ਨੂੰ ਪੈਰੋਲ ਦੇਕੇ ਡੇਰੇ ਅੱਗੇ ਝੁਕ ਰਹੀ ਹੈ। ਸਰਕਾਰੀ ਤੰਤਰ ਉਸ ਦੇ ਸਾਹਮਣੇ ਦੱਬਿਆ ਹੋਇਆ ਹੈ।ਉਸਦੇ ਕਾਰਣ ਜਾਂਚ ਅਤੇ ਮੁਕੱਦਮੇ ਪ੍ਰਭਾਵਿਤ ਹੋ ਰਹੇ ਹਨ।ਨਿਆਂਪਾਲਿਕਾ ਉਸਨੂੰ 4 ਮਾਮਲਿਆਂ ਵਿਚ ਸਜ਼ਾ ਚੁਕੀ ਹੈ, ਉਹ ਖਤਰਨਾਕ ਵਹਿਸ਼ੀ ਅਪਰਾਧੀ ਹੈ।ਸਾਧੂਆਂ ਨੂੰਨਿਪੁੰਸਕ ਬਣਾਉਣ ਦਾ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਦੂਜੇ ਪਾਸੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦਾ ਕਹਿਣਾ ਹੈ ਕਿ ਪੈਰੋਲ ਨਿਯਮਾਂ ਅਨੁਸਾਰ ਦਿੱਤੀ ਗਈ ਹੈ।ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਜਦਕਿ ਆਪਣੀਆਂ ਸਜ਼ਾਵਾਂ ਪਰੀਆਂ ਕਰਨ ਮਗਰੋਂ ਵੀ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਸੌਦਾ ਸਾਧ ਨੂੰ ਪ੍ਰੋਡੰਕਸ਼ਨ ਵਰੰਟ 'ਤੇ ਪੰਜਾਬ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਸੱਤਾ ਵਿਚ ਆਉਣ 'ਤੇ ਬੇਅਦਬੀ ਦੇ ਮਾਮਲੇ ਨੂੰ 24 ਘੰਟਿਆਂ ਵਿੱਚ ਹੱਲ ਕਰਨ ਦਾ ਦਾਅਵਾ ਵੀ ਕੀਤਾ ਸੀ। ਅਸਲ ਗਲ ਇਹ ਹੈ ਕਿ ਕੇਂਦਰ ਸਰਕਾਰ ਸੌਦਾ ਸਾਧ ਨੂੰ ਆਪਣੇ ਵੋਟ ਬੈਂਕ ਲਈ ਵਰਤ ਕੇ ਖਤਰਨਾਕ ਅਪਰਾਧੀ ਸੌਦਾ ਸਾਧ ਦੀ ਪੁਸ਼ਤ ਪਨਾਹੀ ਕਰ ਰਹੀ ਹੈ। ਜੇਕਰ ਕਤਲ ਅਤੇ ਜਬਰ-ਜਨਾਹ ਵਰਗੇ ਸੰਗੀਨ ਮਾਮਲਿਆਂ ਦੇ ਦੋਸ਼ੀ ਪੈਰੋਲ 'ਤੇ ਛੱਡੇ ਜਾ ਸਕਦੇ ਹਨ ਤਾਂ ਕੌਮੀ ਹੱਕਾਂ ਅਤੇ ਹਿੱਤਾਂ ਲਈ ਸੰਘਰਸ਼ ਕਰਨ ਵਾਲੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿੱਚ ਪ੍ਰਧਾਨ ਮੰਤਰੀ ਦੀ ਕੀ ਮੁਸ਼ਕਲ ਹੈ? ਮੋਦੀ ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਵਿੱਚ ਬੇਵਿਸਾਹੀ ਪੈਦਾ ਕਰ ਰਹੀ ਹੈ। ਬੰਦੀ ਸਿੰਘਾਂ ਨੂੰ ਤਿੰਨ-ਤਿੰਨ ਦਹਾਕੇ ਦੀਆਂ ਸਜ਼ਾਵਾਂ ਮਗਰੋਂ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ ਪਰ ਡੇਰਾ ਮੁਖੀ ਨੂੰ ਸਾਲ ਵਿੱਚ ਚੌਥੀ ਵਾਰ ਪੈਰੋਲ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਾਹੀਦਾ ਹੈ ਕਿ ਉਹ ਸਿਖ ਪੰਥ ਪ੍ਰਤੀ ਪੱਖਪਾਤੀ ਰਵੱਈਆ ਨਾ ਅਪਣਾਉਣ ਅਤੇ ਸਿਖ ਹਕਾਂ ਤੇ ਅਧਿਕਾਰਾਂ ਦੀ ਰਾਖੀ ਯਕੀਨੀ ਬਣਾਉਣ।

**-ਰਜਿੰਦਰ ਸਿੰਘ ਪੁਰੇਵਾਲ**

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All



TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI
AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
ਦੇਗ ਤੇਗ ਫ਼ਤਿਹ
ਪੰਥ ਕੀ ਜੀਤ

5 ਫਰਵਰੀ, ਦਿਨ ਐਤਵਾਰ.......ਸਵੇਰੇ 9:00 ਵਜੇ ਤੋਂ 12:00 ਵਜੇ ਤੱਕ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਉਣ ਹਿਤ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
9 ਫਰਵਰੀ, ਦਿਨ ਵੀਰਵਾਰ......ਵੱਡਾ ਘੱਲੂਘਾਰਾ ਦਿਹਾੜਾ ਹੈ।
12 ਫਰਵਰੀ, ਦਿਨ ਐਤਵਾਰ.....ਸੰਗਰਾਂਦ ਦਾ ਦਿਹਾੜਾ ਹੈ, ਸਵੇਰੇ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
18 ਫਰਵਰੀ, ਦਿਨ ਸ਼ਨਿੱਚਰਵਾਰ.ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਦਲਜੀਤ ਕੌਰ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।
19 ਫਰਵਰੀ, ਦਿਨ ਐਤਵਾਰ.....ਸਵੇਰ ਨੂੰ ਲੰਗਰ ਦੀ ਸੇਵਾ ਬੀਬੀ ਬਲਵੀਰ ਕੌਰ ਘੱਗ ਅਤੇ ਪਰਿਵਾਰ ਵਲੋਂ ਹੋਵੇਗੀ।
19 ਫਰਵਰੀ, ਦਿਨ ਐਤਵਾਰ.....ਸ਼ਾਮ ਲੰਗਰ ਦੀ ਸੇਵਾ ਭਾਈ ਪਰਮਜੀਤ ਸਿੰਘ ਚੌਹਾਨ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।
ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।
ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।
ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891
ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

## ਜਸ਼ਨ

ਮਾਲਕ ਦੀ ਦੀਵਾਲੀ ਜਾਂ ਖੁਸ਼ੀ ਵਿਚ ਸ਼ਾਮਲ ਤਾਂ ਨੌਕਰ ਵੀ ਹੁੰਦਾ ਪਰ ਕਪ ਪਲੇਟਾਂ ਚੁਕੀ ਫਿਰ ਰਿਹਾ। ਮਿਲਦਾ ਉਸ ਨੂੰ ਵੀ ਓਹੀ ਸ਼ਾਹੀ ਭੋਜਨ ਜੋ ਬਾਕੀ ਖਾ ਰਹੇ ਹੁੰਦੇ ਪਰ ਉਸ ਵਿਚ ਇਕ ਬਰੀਕ ਫਰਕ ਹੁੰਦਾ। ਕਾਰ ਓਹ ਮਾਲਕ ਵਾਲੀ ਵਿਚ ਹੀ ਜਾ ਰਿਹਾ ਹੁੰਦਾ ਓਸੇ ਸੀਟ ਤੇ ਹੀ ਬੈਠ ਕੇ ਪਰ ਇਸ ਨਾਲ ਮਾਲਕ ਅਤੇ ਨੌਕਰ ਵਾਲਾ ਫਰਕ ਮਿਟ ਨਹੀ ਗਿਆ ਹੁੰਦਾ।

ਬਸ! ਇਹੀ ਫਰਕ ਹੈ 26 ਜਨਵਰੀ ਦੇ ਜਸ਼ਨਾ ਵਿਚ ਸ਼ਾਮਲ ਹੋਣ ਵਾਲੇ ਮਾਲਕ ਅਤੇ ਨੌਕਰ ਵਿਚ।

ਘਰ ਵਿਚ ਕੋਈ ਚੋਰੀ ਠਗੀ ਜਾਂ ਤੋੜਭੰਨ ਹੋਵੇ ਸਭ ਤੋਂ ਪਹਿਲਾਂ ਜਵਾਬਦੇਹ ਪਤਾ ਕੌਣ ਹੁੰਦਾ? ਨੌਕਰ। ਸਾਰੇ ਸਪਸ਼ਟੀਕਰਨ ਸਭ ਤੋਂ ਪਹਿਲਾਂ ਨੌਕਰ ਨੂੰ ਹੀ ਦੇਣੇ ਪੈਂਦੇ ਇਹੀ ਕਾਰਨ ਹੈ ਕਿ ਘਟਗਿਣਤੀਆਂ ਵਾਲੇ ਗੁਲਾਮ ਦੂਰ ਕਿਤੇ ਕਾਰ ਦਾ ਟਾਇਰ ਫਟੇ ਤੇ ਵੀ ਅਪਣੀ ਦੇਸ਼ ਭਗਤੀ ਦਾ ਸਪਸ਼ਟੀਕਰਨ ਸਭ ਤੋਂ ਪਹਿਲਾਂ ਦੇ ਰਹੇ ਹੁੰਦੇ ਨੇ। ਜਦ ਕਿ ਕਾਰ ਜਾਂ ਉਸ ਦੇ ਫਟੇ ਟਾਇਰ ਨਾਲ ਓਨਾ ਦਾ ਦੂਰ ਦਾ ਵੀ ਵਾਸਤਾ ਨਹੀ ਹੁੰਦਾ ਪਰ ਅੰਦਰਲੀ ਹੀਣਭਾਵਨਾ ਵਿਚਲੀ ਕਮਜੋਰੀ ਉਸ ਦੀ ਮਜਬੂਰੀ ਹੁੰਦੀ।ਮਾਲਕ ਦੇ ਨਿਆਣੇ ਦੀ ਨਲੀ ਪੂੰਝ ਰਿਹਾ ਪਰ ਸ਼ਾਹੀ ਕਾਰ ਵਿਚ ਜਾ ਰਹਿਆ ਨੌਕਰ ਬਾਹਰ ਸੜਕ ਤੇ ਬੈਠੇ ਅਪਣੇ ਦੂਜੇ ਭਾਈਬੰਦ ਵੰਨੀ ਬੜੀ ਸ਼ਾਨ ਨਾਲ ਦੇਖ ਰਿਹਾ ਹੁੰਦਾ ਕਿ ਵਿਚਾਰਾ !

26 ਜਨਵਰੀ ਨੂੰ ਲਾਲ ਕਿਲੇ ਤੇ ਨਿਸ਼ਾਨ ਚਾਹੜਨ ਵਾਲਿਆਂ ਪ੍ਰਤੀ ਮਾਲਕ ਦੀ ਗਡੀ ਵਿਚ ਬੈਠੇ ਨੌਕਰ ਦਾ ਦਿਲ ਇਓਂ ਵਲੂੰਧਰਿਆ ਗਿਆ ਜਿਵੇਂ ਸੜਕ ਤੇ ਬੈਠੇ ਉਸ ਦੇ ਹੀ ਭਾਈਬੰਦ ਨੇ ਮਾਲਕ ਦੀ ਕਾਰ ਉਪਰ ਰੋੜਾ ਮਾਰ ਕੇ ਚਿਬ ਪਾ ਦਿਤਾ ਹੋਵੇ। ਚਲੋ ਕੋਈ ਨਾ ਜਸ਼ਨਾ ਵਾਲੇ ਖੂਬ ਜਸ਼ਨ ਮਨਾਓਂਣ ਅਸੀਂ ਸੜਕ ਤੇ ਬੈਠੇ ਦੇਖ ਰਹੇ ਹਾਂ।

-ਗੁਰਦੇਵ ਸਿੰਘ ਸੱਧੇਵਾਲੀਆ

## ਲੱਦਾਖ ਦੇ ਖੇਤਰਾਂ ਤੇ ਚੀਨ ਹੌ.ਲੀ ਹੌਲੀ ਕਾਬਜ਼ ਹੋ ਰਿਹਾ ਹੈ:ਦਸਤਾਵੇਜ਼

ਨਵੀਂ ਦਿੱਲੀ:-ਲੱਦਾਖ ਵਿਚ ਭਾਰਤੀ ਏਜੰਸੀਆਂ ਦੁਆਰਾ ਕੀਤੇ ਗਏ ਸੁਰੱਖਿਆ ਮੁਲਾਂਕਣ ਵਿਚ ਕਿਹਾ ਗਿਆ ਹੈ ਕਿ ਹਿਮਾਲਿਆ ਖੇਤਰ ਵਿਚ ਦੋਵਾਂ ਦੇਸ਼ਾਂ ਦੁਆਰਾ ਫੌਜ ਤਾਕਤ ਨੂੰ ਵਧਾਉਣ ਦੇ ਯਤਨ ਦੌਰਾਨ ਭਾਰਤੀ ਅਤੇ ਚੀਨੀ ਸੈਨਿਕਾਂ ਵਿਚਕਾਰ ਸਰਹੱਦ 'ਤੇ ਹੋਰ ਝੜਪਾਂ ਹੋ ਸਕਦੀਆਂ ਹਨ।ਇਹ ਮੁਲਾਂਕਣ ਲੱਦਾਖ ਪੁਲਿਸ ਦੁਆਰਾ ਇੱਕ ਨਵੇਂ, ਗੁਪਤ ਖੋਜ ਪੱਤਰ ਦਾ ਹਿੱਸਾ ਹੈ ਜੋ ਨਵੀਂ ਦਿੱਲੀ ਵਿੱਚ 20 ਤੋਂ 22 ਜਨਵਰੀ ਤੱਕ ਆਯੋਜਿਤ ਚੋਟੀ ਦੇ ਅਧਿਕਾਰੀਆਂ ਦੀ ਇੱਕ ਕਾਨਫਰੰਸ ਵਿੱਚ ਪੇਸ਼ ਕੀਤਾ ਗਿਆ ਸੀ, ਰਾਇਟਰਜ਼ ਨੇ ਰਿਪੋਰਟ ਕੀਤੀ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੁਲਾਂਕਣ ਸਰਹੱਦੀ ਖੇਤਰਾਂ ਵਿੱਚ ਲੱਦਾਖ ਵਿੱਚ ਪੁਲਿਸ ਦੁਆਰਾ ਇਕੱਠੀ ਕੀਤੀ ਗਈ ਖੁਫੀਆ ਜਾਣਕਾਰੀ ਅਤੇ ਭਾਰਤ-ਚੀਨ ਫੌਜੀ ਤਣਾਅ ਦੇ ਪੈਟਰਨ 'ਤੇ ਅਧਾਰਤ ਹੈ।ਰਾਇਟਰਜ਼ ਦੇ ਅਨੁਸਾਰ, ਮੁਲਾਂਕਣ ਮਹੱਤਵਪੂਰਨ ਮੰਨਦਾ ਹੈ ਕਿਉਂਕਿ ਇਹ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਜ਼ਰੀ ਵਿੱਚ ਇੱਕ ਕਾਨਫਰੰਸ ਵਿੱਚ ਪੇਸ਼ ਕੀਤਾ ਗਿਆ ਸੀ।ਖੇਤਰ ਵਿੱਚ ਚੀਨੀ ਆਰਥਿਕ ਹਿੱਤਾਂ ਨੂੰ ਦੇਖਦੇ ਹੋਏ, ਪੀਐਲਏ (ਪੀਪਲਜ਼ ਲਿਬਰੇਸ਼ਨ ਆਰਮੀ) ਆਪਣੇ ਫੌਜੀ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਜਾਰੀ ਰੱਖੇਗੀ ਅਤੇ ਝੜਪਾਂ ਵੀ ਅਕਸਰ ਹੁੰਦੀਆਂ ਰਹਿਣਗੀਆਂ ।ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੇ ਲੱਦਾਖ ਵਿੱਚ ਹੌਲੀ-ਹੌਲੀ ਜ਼ਮੀਨ ਗੁਆ ਰਿਹਾ ਹੈ ਤੇ ਚੀਨ ਕਾਬਜ਼ ਹੋ ਰਿਹਾ ਹੈ। ਚੀਨ ਭਾਰਤ ਫੌਜ ਨੂੰ ਹੌਲੀ ਹੌ.ਲੀ ਪਿਛੇ ਧੱਕ ਰਿਹਾ ਹੈ।










# ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਸਰਦਾਰਨੀ ਪਰਮਿੰਦਰ ਕੌਰ ਗਿੱਲ ਸਵਰਗਵਾਸ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਵੈਨਕੂਵਰ (ਬੀ.ਸੀ.) ਨਿਵਾਸੀ ਸਰਦਾਰਨੀ ਪਰਮਿੰਦਰ ਕੌਰ ਗਿੱਲ ਸੁਪਤਨੀ ਸਵ. ਸਰਦਾਰ ਜਗਦੇਵ ਸਿੰਘ ਗਿੱਲ ਜਿਹਨਾਂ ਦਾ ਪਿਛਲਾ ਪਿੰਡ ਸਿੰਘਪੁਰ ਜ਼ਿਲ੍ਹਾ ਹੁਸ਼ਿਆਰਪੁਰ ਸੀ, 27 ਜਨਵਰੀ ਨੂੰ ਪ੍ਰਮਾਤਮਾ ਵੱਲੋਂ ਬਖਸ਼ੀ ਆਪਣੀ 76 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਅੰਤਿਮ ਸਸਕਾਰ 5 ਫਰਵਰੀ ਦਿਨ ਐਤਵਾਰ ਨੂੰ ਰਿਵਰਸਾਈਡ ਫਿਊਨਰਲ ਹੋਮ ਐਂਡ ਕਰੈਮਿਟੋਰੀਅਮ (ਡੈਲਟਾ) ਵਿਖੇ ਸਵੇਰੇ 11 ਵਜੇ ਕੀਤਾ ਜਾਏਗਾ। ਇਸ ਉਪਰੰਤ ਅੰਤਿਮ ਅਰਦਾਸ ਅਤੇ ਸਹਿਜਪਾਠ ਦੇ ਭੋਗ ਗੁਰਦੁਆਰਾ ਖਾਲਸਾ ਦੀਵਾਨ ਸੋਸਾਇਟੀ, 8000 ਰੌਸ ਸਟਰੀਟ, ਵੈਨਕੂਵਰ ਵਿਖੇ ਪਾਏ ਜਾਣਗੇ।

## ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕਰ ਸਕਦੇ ਹੋ

## ਸੋਨੀ ਗਿੱਲ:604-825-3279, ਰੂਬੀ ਚੌਹਾਨ:604-825-3187


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events






Capacity 350-375 seats

Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca